# ਚੁਰਾਏ ਪਲਾਂ ਦਾ ਹਿਸਾਬ

## 'ਚੁਰਾਏ ਪਲਾਂ ਦਾ ਹਿਸਾਬ'

## ਇਕ ਅਨੁਭਵ - ਇਕ ਵੰਗਾਰ।

ਚੁਰਾਏ ਪਲਾਂ ਦਾ ਹਿਸਾਬ ਖਰੜੇ ਦੇ ਰੂਪ ਵਿਚ ਮੇਰੇ ਸਾਹਮਣੇ ਹੈ। ਮੈਂ ਇਸ ਵਿਚਲੀ ਇਕ ਇਕ ਕਵਿਤਾ ਨੂੰ ਪੜ੍ਹਦਾ ਹਾਂ। ਪੜ੍ਹਦੇ ਸਮੇਂ ਮੇਰੇ ਸਾਹਵੇਂ ਕਈ ਜਾਣੇ ਪਹਿਚਾਣੇ ਰਵਿੰਦਰ ਸਹਿਰਾਅ ਨਾਲ ਮਿਲਦੇ ਜੁਲਦੇ ਖ਼ੂਬਸੂਰਤ ਚਿਹਰੇ ਆ ਖਲੌਂਦੇ ਹਨ। ਉਨ੍ਹਾਂ ਨੂੰ ਦੇਖ ਕੇ ਮੇਰਾ ਮਨ ਵਲੂੰਧਰਿਆ ਗਿਆ ਹੈ। ਇਕ ਦਹਾਕਾ ਪਹਿਲਾਂ ਪੰਜਾਬ ਦੇ ਇਤਿਹਾਸ ਵਿਚ ਵਾਪਰੀਆਂ ਘਟਾਵਾਂ ਦੀ ਫ਼ਿਲਮ ਜ਼ਿਹਨ ਦੇ ਪਰਦੇ ਤੇ ਗੁਜ਼ਰਣ ਲੱਗਦੀ ਹੈ। ਜਦ ਅਨੇਕ ਖ਼ੂਬਸੂਰਤ ਨੌਜੁਆਨ ਚੇਤੰਨ ਦਿਮਾਗ ਰੱਖਣ ਦੇ ਕਸੂਰ ਬਦਲੇ ਰੱਸਿਆਂ ਨਾਲ ਜਕੜੇ ਪੁਲਿਸ ਮੁਕਾਬਲਿਆਂ ਵਿਚ ਮਾਰੇ ਜਾ ਰਹੇ ਸਨ।

ਇਹ ਕਿੱਸਾ ਪੰਜਾਬ ਤੋਂ ਬਾਹਰਲੇ ਪ੍ਰਦੇਸਾਂ ਵਿਚ ਵੀ ਦੁਹਰਾਇਆ ਗਿਆ। 'ਪੰਜਾਬੀ ਕੌਮ' ਦੀ ਜਿਲਦ 5 ਅੰਕ ਪਹਿਲਾ ਅਨੁਸਾਰ ਸ਼ਹੀਦ ਹੋਣ ਵਾਲੇ ਨੌਜੁਆਨਾਂ ਤੋਂ ਬਿਨਾਂ 24,000 ਇਨਕਲਾਬੀ ਜੇਲ੍ਹਾਂ ਵਿਚ ਡੱਕੇ ਗਏ।

ਲਹਿਰ ਦਾ ਅਸਰ ਤਿੰਨ ਚੇਤੰਨ ਬੁੱਧੀ ਰੱਖਣ ਵਾਲੇ ਸਾਹਿਤਕਾਰਾਂ ਉਪਰ ਬੜੀ ਤੇਜ਼ੀ ਨਾਲ ਪਿਆ। ਬੰਗਾਲੀ ਸਾਹਿਤ ਵਿਚ ਇਹ ਵਿਚਾਰਧਾਰਾ 1967 ਈ. ਵਿਚ ਪ੍ਰਵੇਸ਼ ਕਰ ਗਈ ਪ੍ਰੰਤੂ ਪੰਜਾਬੀ ਸਾਹਿਤ ਵਿਚ ਇਹ ਪ੍ਰਵਿਰਤੀ 1969-70 ਵਿਚ ਆਈ।

ਪੰਜਾਬੀ ਕਵਿਤਾ ਵਿਚ ਇਸ ਪ੍ਰਵਿਰਤੀ ਨੂੰ ਕ੍ਰਾਂਤੀਕਾਰੀ, ਵਿਦਰੋਹੀ ਜਾਂ ਜੁਝਾਰੂ ਕਵਿਤਾ ਦਾ ਨਾਂ ਦਿੱਤਾ ਗਿਆ। ਇਨ੍ਹਾਂ ਕਵੀਆਂ ਨੂੰ ਅਸੀਂ ਦੋ ਭਾਗਾਂ ਵਿਚ ਵੰਡ ਸਕਦੇ ਹਾਂ। ਪਹਿਲੇ ਉਹ ਜਿਹੜੇ ਪ੍ਰਗਤੀਵਾਦੀ ਕਾਵਿ ਧਾਰਾ ਦੇ ਕਵੀਆਂ ਵਿਚੋਂ ਪ੍ਰਗਤੀ ਕਰਕੇ ਕ੍ਰਾਂਤੀਕਾਰੀ ਧਾਰਾ ਨੂੰ ਅਪਣਾਉਂਦੇ ਹਨ।

ਇਨ੍ਹਾਂ ਵਿਚੋਂ ਸੰਤੋਖ ਸਿੰਘ ਧੀਰ, ਜਗਤਾਰ, ਹਰਭਜਨ ਸਿੰਘ ਹੁੰਦਲ, ਮੋਹਨਜੀਤ, ਗੁਰਦੀਪ ਗਰੇਵਾਲ, ਅਜੀਤ ਰਾਹੀ, ਬਲਦੇਵ ਚਾਹਲ, ਪਰਮਿੰਦਰਜੀਤ ਆਦਿ ਦੇ ਨਾਂ ਵਰਨਣਯੋਗ ਹਨ। ਇਨ੍ਹਾਂ ਵਿਚੋਂ ਬਹੁਤੇ ਕਵੀ ਪੇਂਡੂ ਮੱਧਸ਼੍ਰੇਣੀ ਨਾਲ ਸਬੰਧਤ ਹੋਣ ਕਰਕੇ ਆਪਣੇ ਸ਼੍ਰੇਣੀ ਸੁਭਾਅ ਸਦਕਾ ਰੁਮਾਂਸਕ ਰੰਗ ਪੂਰਨ ਭਾਂਤ ਨਾ ਤਿਆਗ ਸਕੇ, ਪ੍ਰੰਤੂ ਜੇਕਰ ਗਹੁ ਨਾਲ ਵੇਖੀਏ ਤਾਂ ਇਨ੍ਹਾਂ ਦੇ ਕਾਵਿ ਵਿਚਲਾ ਰੁਮਾਂਸ ਪਾਠਕ ਦੇ ਸੁਹਜ ਨੂੰ ਤ੍ਰਿਪਤਾਉਣ ਵਾਲੀ, ਕਵਿਤਾ ਨੂੰ ਭਾਵਪੂਰਤ ਤੇ ਰਸਦਾਇਕ ਬਣਾਉਣ ਲਈ ਯੋਗ ਹਿੱਸਾ ਪਾਉਂਦਾ ਹੈ। ਦੂਸਰੇ ਸ਼ਬਦਾਂ ਵਿਚ ਇਨ੍ਹਾਂ ਦਾ ਕਾਵਿ ਅਸੀਂ ਸੁਚੇਤ ਹੋ ਕੇ ਰਚੀ ਕਵਿਤਾ ਕਹਿ ਸਕਦੇ ਹਾਂ।

ਦੂਜੇ ਉਹ ਕਵੀ ਹਨ ਜੋ ਕ੍ਰਾਂਤੀਕਾਰੀ ਕਵਿਤਾ ਰਚਣ ਦੇ ਨਾਲ-ਨਾਲ ਸਿਰ ਤਲੀ 'ਤੇ ਧਰ ਕੇ ਇਨਕਲਾਬ ਦੇ ਰਾਹ 'ਤੇ ਤੁਰ ਪਏ ਸਨ। ਇਨ੍ਹਾਂ ਵਿਚੋਂ ਦਰਸ਼ਨ ਖਟਕੜ, ਪਾਸ਼, ਲਾਲ ਸਿੰਘ ਦਿਲ, ਹਰਭਜਨ ਹਲਵਾਰਵੀ, ਜਸਵੰਤ ਖਟਕੜ ਤੇ ਅਮਰਜੀਤ ਚੰਦਨ ਦਾ ਨਾਂ ਵਰਣਨਯੋਗ ਹੈ। ਇਨ੍ਹਾਂ ਕਵੀਆਂ ਦੀ ਕਵਿਤਾ ਸਿੱਧੀ ਅਨੁਭਵ ਵਿਚੋਂ ਪ੍ਰਗਟ ਹੋਈ ਹੈ। ਦੂਸਰੇ ਸ਼ਬਦਾਂ ਵਿਚ ਅਸੀਂ ਇਸ ਕਾਵਿ ਨੂੰ ਸਾਤਵਿਕ ਕਾਵਿ ਦਾ ਨਾਂ ਦੇ ਸਕਦੇ ਹਾਂ। 1969 ਤੋਂ 1973 ਤੱਕ ਇਹ ਪ੍ਰਵਿਰਤੀ ਪੰਜਾਬੀ ਕਾਵਿ-ਮੰਡਲ ਤੇ ਪੂਰਨ ਭਾਂਤ ਛਾਈ ਰਹੀ ਅਤੇ ਅੱਜ ਤੱਕ ਚੇਤੰਨ ਨੌਜੁਆਨ ਕਵੀਆਂ ਵਿਚ ਏਹੋ ਕ੍ਰਾਂਤੀਕਾਰੀ ਪ੍ਰਵਿਰਤੀ ਵੇਖੀ ਜਾ ਸਕਦੀ ਹੈ।

ਸਾਡਾ ਹਥਲਾ ਕਵੀ ਰਵਿੰਦਰ ਸਹਿਰਾਅ ਵੀ ਉਪਰੋਕਤ ਵਰਣਿਤ ਦੂਜੀ ਭਾਂਤ ਦੇ ਉਨ੍ਹਾਂ ਜੁਝਾਰੂ ਕਵੀਆਂ ਵਿਚੋਂ ਹੈ ਜਿਨ੍ਹਾਂ ਦਾ ਕਾਵਿ ਉਨ੍ਹਾਂ ਦੇ ਅਸਲੀ ਜੀਵਨ ਵਿਚੋਂ ਲਾਵੇ ਵਾਂਗੂ ਫੁੱਟਿਆ ਹੈ!

ਵਾਹਣਾ 'ਚ ਬਹਿਕੇ ਛਾਹ ਵੇਲਾ ਖਾ ਰਹੇ ਮਟਿਆਲੇ ਚਿਹਰਿਆਂ ਤੋਂ ਚੱਲ ਕੇ ਅਸਮਾਨ ਛੂੰਹਦੀਆਂ ਚਿਮਨੀਆਂ ਹੇਠ ਕੀੜਿਆਂ ਦੀ ਤਰ੍ਹਾਂ ਕੁਰਬਲ, ਕੁਰਬਲ ਕਰਦਿਆਂ ਲੋਕਾਂ ਤੀਕ ਸਾਰੇ ਸਫ਼ਰ ਵਿਚ ਉੱਗ ਪਏ ਹਨ ਕੁਝ ਸਵਾਲ ਤੇ ਚਰਚਾ ਛਿੜ ਪਈ ਹੈ, ਭਲਾ ਇੰਜ ਕਿਉਂ ਹੁੰਦਾ ਹੈ ?

ਇਹ ਸਵਾਲ ਕੀ ਹਨ? ਬਹੁਤ ਸਾਰੀਆਂ ਕਵਿਤਾਵਾਂ ਵਿਚ ਕਵੀ ਇਨ੍ਹਾਂ ਪ੍ਰਸ਼ਨਾਂ ਨੂੰ ਹੀ ਸਾਡੇ ਨਾਲ ਸਾਂਝਿਆਂ ਕਰ ਰਿਹਾ ਨਜ਼ਰ ਆਉਂਦਾ ਹੈ। ਇਹ ਉਹ ਸੁਆਲ ਹਨ ਜਿਹੜੇ ਸੁਝਵਾਨ ਵਿਅਕਤੀ ਦੇ ਮੱਥੇ ਉੱਤੇ ਕੁੰਡਲੀ ਮਾਰੀ ਬੈਠੇ ਹਨ।

ਜੇਕਰ ਅਸੀਂ ਅਜੋਕੀ ਰਾਜਨੀਤਕ-ਸਮਾਜਾਰਥਕ ਹਾਲਤ ਨੂੰ ਘੋਖੀਏ ਅਤੇ ਇਕ ਦਹਾਕਾ ਪਹਿਲਾਂ ਵਾਲੀ ਹਾਲਤ ਨਾਲ ਤੁਲਨਾਈਏ ਤਾਂ ਭਲੀ ਭਾਂਤ ਸਪੱਸ਼ਟ ਹੋ ਜਾਂਦਾ ਹੈ ਕਿ ਹਾਲਾਤ ਪਹਿਲਾਂ ਨਾਲੋਂ ਕਿਸੇ ਤਰ੍ਹਾਂ ਵੀ ਖ਼ੁਸ਼ਗਵਾਰ ਨਹੀਂ ਹਨ। ਅਜਿਹੇ ਡਾਵਾਂਡੋਲ ਸਮਾਜਾਰਥਕ ਢਾਂਚੇ ਵਿਚ ਹੇਠਲੀ ਕਿਰਸਾਣੀ ਅਤੇ ਮਜ਼ਦੂਰਾਂ ਦੀ ਹਾਲਤ ਤਾਂ ਇਕ ਪਾਸੇ ਮੱਧਵਰਗੀ ਕਿਰਸਾਣੀ ਦੀ ਹਾਲਤ ਵੀ ਤਰਸਯੋਗ ਹੈ। ਰਵਿੰਦਰ ਦੀਆਂ ਇਨ੍ਹਾਂ ਸਤਰਾਂ ਵਿਚਲੇ ਸੱਚ ਨੂੰ ਕੌਣ ਸੂਝਵਾਨ ਕਿਰਤੀ ਨਹੀਂ ਹੰਡਾ ਰਿਹਾ:

ਮੈਂ ਬਹੁਤ ਹੀ ਨਾਸ਼ੁਕਰਾ ਹਾਂ
ਮੇਰੀ ਮਾਂ ਉਮਰ ਦੇ ਕਿੰਨੇ ਵਰ੍ਹੇ ਹੰਢਾਉਣ ਪਿੱਛੋਂ ਵੀ
ਤੇਰੀਆਂ ਸੋਚਾਂ ਦੀ ਤਾਣੀ ਨੂੰ

ਜੋ ਹਰ ਛਿਣ ਉਲਝਦੀ ਜਾਂਦੀ ਹੈ ਸੁਲਝਾ ਨਹੀਂ ਸਕਿਆ।

ਤੂੰ ਸੋਚਿਆ ਸੀ ਮੈਂ ਤੇਰੇ ਸੀਨੇ ਦੀ ਤਪਸ਼ ਨੂੰ ਠੰਡਕ ਪਹੁੰਚਾਵਾਂਗਾ ਤੇ ਘਰ ਦੀਆਂ ਨੁੱਕਰਾਂ-ਜੋ ਪਰਿਵਾਰ ਦੇ ਭੁੱਖੇ ਜੀਆਂ ਨੂੰ ਖਾਣ-ਖਾਣ ਕਰਦੀਆਂ ਸਨ ਉਨ੍ਹਾਂ ਦੀ ਨੁਹਾਰ ਬਦਲਾਂਗਾ ਪਰ ਤੇਰੇ ਚਿਹਰੇ ਦੀਆਂ ਝੁਰੜੀਆਂ ਭੈਣਾਂ ਦੇ ਵਿਆਹ ਤੇ ਲਏ ਕਰਜ਼ੇ ਦਾ ਸੂਦ ਤੇ ਬਾਪੂ ਦੀ ਧੌਲ ਦਾੜ੍ਹੀ ਮੇਰੇ ਲਈ ਅੱਜ ਵੀ ਸਵਾਲੀ ਹੈ।

ਨਿਰਸੰਦੇਹ ਰਵਿੰਦਰ ਦੀ ਕਵਿਤਾ ਉਸਦੇ ਕੌੜੇ ਅਨੁਭਵ ਦੀ ਅਭਿਵਿਅਕਤੀ ਹੈ। ਉਸਨੇ ਵਿਸ਼ੇਸ਼ ਤੌਰ 'ਤੇ ਹੇਠਲੇ ਪੇਂਡੂ ਵਰਗ ਦੀਆਂ ਆਰਥਕ ਮੰਦਹਾਲੀ ਤੇ ਅਧਾਰਿਤ ਅਨੇਕਾਂ ਔਕੜਾਂ ਨੂੰ ਸ਼ਿੱਦਤ ਨਾਲ ਮਹਿਸੂਸ ਕੀਤਾ ਹੈ। ਸੂਝਵਾਨ ਤੇ ਚੇਤੰਨ ਵਿਦਿਆਰਥੀ ਹੋਣ ਦੇ ਨਾਤੇ ਉਸ ਨੇ ਅਗਾਂਹਵਧੂ ਵਿਦਿਆਰਥੀ ਗਠਬੰਧੀਆਂ ਦੀ ਪ੍ਰਤਿਨਿੱਧਤਾ ਵੀ ਕੀਤੀ ਹੈ। ਸਮਕਾਲੀ ਸੱਤਾ ਨੂੰ ਉਹ ਵੀ ਕੰਡੇ ਵਾਂਗ ਰੜਕਦਾ ਰਿਹਾ ਹੈ। ਨਤੀਜੇ ਵਜੋਂ ਕਈ ਸਾਰੇ ਸਾਥੀਆਂ ਨਾਲ ਵੱਖ-ਵੱਖ ਜੇਲ੍ਹਾਂ ਦਾ ਪਾਣੀ ਵੀ ਪੀ ਚੁੱਕਾ ਹੈ। ਏਥੋਂ ਤੱਕ ਕਿ ਉਸਨੇ ਇੰਟੈਰੋਗੇਸ਼ਨ ਸੈਂਟਰ ਦੀ ਹਵਾ ਵੀ ਭਖ਼ੀ ਹੈ। ਇਨ੍ਹਾਂ ਵਿਚੋਂ ਬਹੁਤਿਆਂ ਦੀ ਜੁਆਨੀ ਦੇ ਪਲ ਹੀ ਨਹੀਂ ਸਗੋਂ ਵਰ੍ਹਿਆਂ ਦੇ ਵਰ੍ਹੇ ਨਰਕ ਕੁੰਡਾਂ ਵਰਗੀਆਂ ਜੇਲ੍ਹਾਂ ਨੇ ਖਾ ਲਏ।

'ਚੁਰਾਏ ਪਲਾਂ ਦਾ ਹਿਸਾਬ' ਵਿਚ ਰਵਿੰਦਰ ਇਨ੍ਹਾਂ ਗੁਆਚ ਚੁੱਕੇ ਪਲਾਂ ਦਾ ਜੋ ਕਿਸੇ ਕੀਮਤ 'ਤੇ ਵਾਪਸ ਨਹੀਂ ਮਿਲ ਸਕਦੇ ਹਿਸਾਬ ਮੰਗਣ ਲਈ ਸਨਮੁੱਖ ਹੋਇਆ ਹੈ। ਉਸ ਦੀ ਕਲਮ ਵਿਚ ਵੰਗਾਰ ਅਤੇ ਬੋਲਾਂ ਵਿਚ ਦ੍ਰਿੜ੍ਹਤਾ ਹੈ--

ਅਸੀਂ ਉਸ ਉਦਾਸ ਮੌਸਮ ਦਾ ਸਿਰਫ਼ ਕਾਰਨ ਹੀ ਨਹੀਂ ਲੱਭਣਾ ਜੋ ਸਾਰੀ ਉਮਰਾ ਹੀ ਸਉਣ ਦੇ ਬੱਦਲਾਂ ਦੀ ਤਰ੍ਹਾਂ ਅਸਾਡੇ ਸਿਰਾਂ ਤੇ ਮੰਡਲਾਂਦਾ ਰਿਹਾ ਤੇ ਜਦੋਂ ਸਾਡੇ ਖ਼ੁਸ਼ਗਵਾਰ ਪਲਾਂ ਨੂੰ ਤੁਸੀਂ ਲੈਰੇ ਦੋਧਿਆਂ ਦੀ ਤਰ੍ਹਾਂ ਬੇਫ਼ਿਕਰ ਹੋ ਕੇ ਡੰਗਦੇ ਰਹੇ ਹੁਣ ਤਾਂ ਅਸੀਂ-

ਉਨ੍ਹਾਂ ਚੁਰਾਏ ਪਲਾਂ ਦਾ ਹਿਸਾਬ ਲੈਣਾ ਹੈ।

ਰਵਿੰਦਰ ਦੀ ਕਵਿਤਾ ਵਿਚ ਜਿਥੇ ਸਾਡੀ ਪੇਂਡੂ ਕਿਰਸਾਣੀ ਅਤੇ ਖੇਤ ਮਜ਼ਦੂਰ ਦੀ ਸਮਾਜਾਰਥਕ ਦਸ਼ਾ ਦੀ ਸਾਤਵਿਕ ਤਸਵੀਰ ਖਿੱਚੀ ਗਈ ਹੈ ਉਥੇ ਉਸਦੀ ਸਮੁੱਚੀ ਕਵਿਤਾ ਸਮਾਜ ਦੇ ਇਸ 'ਸੱਤ' ਅਰਥਾਤ ਕਿਰਤੀ ਵਰਗ ਨੂੰ ਸੰਘਰਸ਼ਸ਼ੀਲ ਹੋਣ ਲਈ ਪ੍ਰੇਰਿਤ ਵੀ ਕਰਦੀ ਹੈ। ਆਮ ਤੌਰ 'ਤੇ ਰਵਿੰਦਰ ਨੇ ਲਗਪਗ ਹਰ ਕਵਿਤਾ ਵਿਚ ਸਾਡੇ ਸਮਾਜ ਦੇ ਬਹੁਸੰਖਿਅਕ

ਹੇਠਲੇ ਵਰਗ ਦੀ ਦੁਰਦਸ਼ਾ ਦੇ ਵੱਖ–ਵੱਖ ਚਿੱਤਰ ਪੇਸ਼ ਕਰਨ ਦਾ ਤਰੀਕਾ ਅਪਨਾਇਆ ਹੈ। ਨਮੂਨੇ ਵਜੋਂ ਉਸਦੀ ਕਵਿਤਾ 'ਇਹ ਵਰ੍ਹਾ– ਉਹ ਵਰ੍ਹਾ ਵੇਖੀ ਜਾ ਸਕਦੀ ਹੈ।

ਵਰ੍ਹਾ ਇਹ ਚੜ੍ਹਿਆ ਏ ਪਿਛਲੇ ਵਰ੍ਹਿਆਂ ਦੀ ਤਰ੍ਹਾਂ ਗਮੀਆਂ ਉੱਪਰ ਚਾਵਾਂ ਦੇ ਮੁਲੰਮੇ ਲਾ ਕੇ ਵਰ੍ਹਾ ਉਹ ਚੜ੍ਹੇਗਾ ਜਦ ਬਾਡਰ 'ਤੇ ਵੀਰਾਂ ਸੰਗ ਵੀਰ ਨਹੀਂ ਲੜਨੇ ਜਦ ਬੁੱਢੇ ਬਾਪੂਆਂ ਦੇ ਕੰਧਿਆਂ 'ਤੇ ਕਰਜ਼ਿਆਂ ਦੀ ਪੰਡ ਨਾ ਲਟਕੂ ਜਦ ਪਿੰਡ ਦਿਆਂ ਕਮਾਦਾਂ 'ਚ ਜਬਰੀ ਹੁਸਨ ਡੀਕਣ ਵਾਲੇ ਚੁਰਾਹਿਆਂ ਵਿਚ ਚੀਰ ਕੇ ਟੰਗਣੇ ਵਰ੍ਹਾ ਉਹ ਚੜ੍ਹੇਗਾ...।

ਏਸੇ ਤਰ੍ਹਾਂ ਰਵਿੰਦਰ ਦੀ ਕਲਮ ਛੋਟੇ–ਛੋਟੇ ਪਰ ਭਾਵਪੂਰਨ ਚਿੱਤਰ ਉਲੀਕਦੀ ਜਾਂਦੀ ਹੈ।

ਕਿਸੇ ਇਨਕਲਾਬੀ ਦੀ ਭਾਲ ਵਿਚ ਸ਼ਰਾਬੀ ਪੁਲਸੀਆਂ ਦੀ ਜੀਪ ਦਾ ਪਿੰਡ ਦੀ ਧਰਤ ਨੂੰ ਧੂੜ ਨਾਲ ਭਰਨਾ

ਅਫ਼ਸਰ ਦੇ ਬਜ਼ੁਰਗ ਦੀ ਡਿੱਗੀ ਪੱਗ ਨੂੰ ਪਿੰਡ ਦੀ ਸੱਥ ਵਿਚ ਠੁੱਡੇ ਮਾਰਨੇ ਨਸ਼ਈ ਅਫ਼ਸਰ ਦਾ ਜੁਆਨ ਨੂੰਹਾਂ ਧੀਆਂ ਦੇ ਅੰਗਾਂ ਨੂੰ ਲਲਚਾਈਆਂ ਨਜ਼ਰਾਂ ਨਾਲ ਨਿਹਾਰਨਾ

ਫੱਗੂ ਆਦਿਧਰਮੀ ਦੇ ਨਲੀ ਪੂੰਝਦੇ ਮੁੰਡੇ ਦੇ ਮੋਢਿਆਂ ਤੇ ਸਰਦਾਰਾਂ ਦੇ ਡੰਗਰ ਚਾਰਨ ਦਾ ਬੋਝ ਆ ਪੈਣਾ

ਖ਼ੂਨ ਨਾਲ ਸਿੰਜੀ ਕਣਕ ਦੇ ਦਾਣਿਆਂ ਦਾ ਜੱਟ ਦੀ ਦਹਿਲੀਜ਼ ਲੰਘਣ ਤੋਂ ਸ਼ਰਮਾਣਾ

ਇੰਜਣ ਨਾਲ ਘੁਲਣ ਸਮੇਂ ਕਾਲਖ ਨਾਲ ਲੱਥ–ਪੱਥ ਪੀਲੇ ਭੂਕ ਕਿਰਤੀਆਂ ਦੇ ਚਿਹਰਿਆਂ ਨੂੰ ਸੇਠਾਂ ਦੀ ਸੋਹਲ ਨੂੰਹ ਦੇ ਕਜਲੇ ਦੀ ਧਾਰ ਦਾ ਟਿਚਕਰਾਂ ਕਰਨਾ।

ਪਰਦੇਸਣ ਭੈਣ ਨੂੰ ਹੱਡ ਭੰਨਵਾਂ ਕੰਮ ਕਰਨ ਉਪਰੰਤ ਵੀ ਪੇਟ ਦੀ ਅੱਗ ਬੁਝਾਉਣ ਲਈ ਜਿਸਮ ਵੇਚ ਰਹੀਆਂ ਵਤਨੀ ਭੈਣਾਂ ਦੀ ਯਾਦ ਭੁੱਲਣ ਦਾ ਤਾਨਾ ਦੇਣਾ।

ਮਾਂ ਦੀ ਉਮਰ ਦੀਆਂ ਅਨੇਕ ਔਰਤਾਂ ਦਾ ਜੰਗ ਲੜ ਰਹੇ ਪੁੱਤਾਂ ਦੀ ਲੰਮੀ ਉਮਰ ਲਈ ਮਨ ਹੀ ਮਨ ਵਿਚ ਸੁੱਖਾਂ ਸੁੱਖਣਾ।

ਭੁੱਖੇ ਬੱਚਿਆਂ ਨੂੰ 'ਵਿਦਿਆ ਤੀਜਾ ਨੇਤਰ ਹੈ' ਸ਼ਬਦਾਂ ਵਾਲੇ ਇਸ਼ਤਿਹਾਰ ਦਾ ਦੰਦੀਆਂ ਚੁੰਘਾਉਣਾ।

ਕਾਲਜ ਦੇ ਨੋਟਿਸ ਬੋਰਡ 'ਤੇ ਲੱਗੀ ਫੀਸ ਤਾਰਨ ਦੀ ਆਖ਼ਰੀ ਤਾਰੀਖ਼ ਯਾਦ ਆਉਣ 'ਤੇ ਮਾਂ ਦਾ ਤ੍ਰਭਕ ਤ੍ਰਭਕ ਕੇ ਉਠਣਾ, ਕਵਿਤਾ ਵਿਚ ਅੰਗਾਂ ਦੀਆਂ ਗੁਲਾਈਆਂ ਦੀ ਗੱਲ ਕਰਨ ਦੀ ਥਾਂ ਭੁੱਖ ਦੀ ਗੱਲ ਕਰਨ 'ਤੇ ਮਹਿਬੂਬ ਦਾ ਨਾਰਾਜ਼ ਹੋਣਾ ਆਦਿ।

ਇਨ੍ਹਾਂ ਚਿੱਤਰਾਂ ਨੂੰ ਉਲੀਕਣ ਲਈ ਰਵਿੰਦਰ ਨੇ ਰੰਗ ਪੇਂਡੂ ਜੀਵਨ ਵਿਚੋਂ ਲਏ ਹਨ। ਪੇਂਡੂ ਸ਼ਬਦਾਵਲੀ, ਬਿੰਬਾਂ ਅਤੇ ਪ੍ਰਤੀਕਾਂ ਭਰਪੂਰ ਰਵਿੰਦਰ ਦੀ ਕਵਿਤਾ ਇਸੇ ਖੇਤਰ ਦੇ ਪ੍ਰਸਿੱਧ ਨੌਜਆਨ ਕਵੀ 'ਪਾਸ਼' ਦੀ ਕਵਿਤਾ ਨਾਲ ਮੇਲ ਖਾਂਦੀ ਨਜ਼ਰ ਆਉਂਦੀ ਹੈ। ਸਾਡੇ ਇਤਿਹਾਸਕ ਵਿਰਸੇ ਦੀ ਯਾਦ ਦੁਆਉਣ ਤੇ ਸੱਚਮੁੱਚ ਹੀ ਉਹ ਪਾਸ਼ ਅਤੇ ਖਟਕੜ ਦੇ ਨਕਸ਼ੇ ਕਦਮਾਂ ਤੇ ਚੱਲਦਾ ਨਜ਼ਰ ਆਉਂਦਾ ਹੈ।

ਰਵਿੰਦਰ ਨੂੰ ਪਹਿਲੀ ਨਜ਼ਰ ਵੇਖਿਆਂ, ਇਹ ਅੰਦਾਜ਼ਾ ਲਾਉਣਾ ਅਸੰਭਵ ਹੈ ਕਿ ਇਹ ਸੁਬਕ ਜਿਹਾ ਐੱਮ.ਏ. ਦਾ ਵਿਦਿਆਰਥੀ ਨੌਜੁਆਨ ਅੰਦਰੋਂ ਏਨਾ ਗੰਭੀਰ ਹੋਏਗਾ। ਇਸਨੇ ਆਪਣੇ ਆਲੇ ਦੁਆਲੇ ਨੂੰ ਏਨੀ ਸ਼ਿੱਦਤ ਨਾਲ ਮਹਿਸੂਸ ਕੀਤਾ ਹੋਏਗਾ, ਆਪਣੇ ਪਿੰਡ ਦੇ ਸਰਪੰਚ ਵਜੋਂ ਹਰ ਤਰ੍ਹਾਂ ਦੀ ਤਰੱਕੀ ਦਾ ਭਾਰ ਆਪਣੇ ਮੋਢਿਆਂ ਤੇ ਚੁੱਕਿਆ ਹੋਏਗਾ? ਇਸ ਖ਼ੂਬਸੂਰਤ ਨੌਜੁਆਨ ਨੇ ਕਦੀ ਸੱਤਾ ਨਾਲ ਭਖਵੀਂ ਟੱਕਰ ਲਈ ਹੋਏਗੀ ਅਤੇ ਬਦਲੇ ਵਿਚ ਇਸਦੇ ਖ਼ੂਬਸੂਰਤ ਪਲ ਜੇਲ੍ਹਾਂ ਦੀਆਂ ਦੀਵਾਰਾਂ ਪਿੱਛੇ ਇਕ-ਇਕ ਕਰ ਕੇ ਦਮ ਤੋੜ ਗਏ ਹੋਣਗੇ?

'ਚੁਰਾਏ ਪਲਾਂ ਦਾ ਹਿਸਾਬ' ਆਪਣੇ ਆਪ ਵਿਚ ਡੂੰਘੇਰੇ ਅਰਥ ਸਮੋਈ ਬੈਠਾ ਹੈ। ਜੇਕਰ ਜ਼ਰਾ ਗਹੁ ਨਾਲ ਵੇਖੀਏ, ਸੋਚੀਏ ਤਾਂ ਇਹ ਬੋਲ ਇਕੱਲੇ ਰਵਿੰਦਰ ਦੇ ਨਹੀਂ ਸਗੋਂ ਇਨ੍ਹਾਂ ਵਿਚ ਦਲਿਤ ਸ਼੍ਰੇਣੀ ਦੀ ਅਗਵਾਈ ਕਰ ਰਹੇ ਹਨ, ਸਮਾਜ ਸੂਝ ਮੰਗਣ ਵਾਲੇ ਅਨੇਕਾਂ ਨੌਜੁਆਨਾਂ ਨੂੰ ਉਨ੍ਹਾਂ ਦੇ ਗੁਆਚੇ ਖ਼ੂਬਸੂਰਤ ਪਲਾਂ ਦਾ ਹਿਸਾਬ ਮੰਗਣ ਲਈ ਵੰਗਾਰ ਹੈ। ਨਿਰਸੰਦੇਹ ਇਸ ਵੰਗਾਰ ਨੂੰ ਚੇਤੰਨ ਨੌਜੁਆਨ ਮਹਿਸੂਸ ਕਰਨਗੇ।

ਮੈਂ ਰਵਿੰਦਰ ਸਹਿਰਾਅ ਨੂੰ ਇਸ ਪਲੇਠੇ ਕਾਵਿ ਸੰਗ੍ਰਹਿ ਨਾਲ ਪੰਜਾਬੀ ਕਾਵਿ-ਜਗਤ ਵਿਚ ਪ੍ਰਵੇਸ਼ ਕਰਨ ਤੇ ਜੀ ਆਇਆਂ ਆਖਦਾ ਹਾਂ।

**ਆਮੀਨ!**

**ਪ੍ਰੋ. ਨਰਜੀਤ ਸਿੰਘ ਖਹਿਰਾ**

ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ,

ਲਾਇਲਪੁਰ ਖਾਲਸਾ ਕਾਲਜ, ਜਲੰਧਰ

**ਚੁਰਾਏ ਪਲਾਂ ਦਾ ਹਿਸਾਬ**

ਅਸੀਂ ਉਸ ਉਦਾਸ ਮੌਸਮ ਦਾ
ਸਿਰਫ਼ ਕਾਰਨ ਹੀ ਨਹੀਂ ਲੱਭਣਾ
ਜੋ ਸਾਰੀ ਉਮਰਾ ਹੀ
ਸਾਉਣ ਦੇ ਬੱਦਲਾਂ ਦੀ ਤਰ੍ਹਾਂ
ਅਸਾਡੇ ਸਿਰਾਂ 'ਤੇ ਮੰਡਲਾਂਦਾ ਰਿਹਾ
ਤੇ ਜਦੋਂ ਸਾਡੇ ਖ਼ੁਸ਼ਗਵਾਰ ਪਲਾਂ ਨੂੰ
ਤੁਸੀਂ ਲੈਰੇ ਦੋਧਿਆਂ ਦੀ ਤਰ੍ਹਾਂ

ਬੇ–ਫ਼ਿਕਰ ਹੋ ਕੇ ਡੁੰਗਦੇ ਰਹੇ।

ਹੁਣ ਤਾਂ ਅਸੀਂ

ਉਨ੍ਹਾਂ ਚੁਰਾਏ ਪਲਾਂ ਦਾ ਹਿਸਾਬ ਲੈਣਾ ਹੈ।

ਰਾਜਿਆਂ ਨੂੰ ਸ਼ੀਂਹ ਅਤੇ

ਮੁਕੱਦਮਾਂ ਨੂੰ ਕੁੱਤੇ ਕਹਿਣ ਤੋਂ ਲੈ ਕੇ

ਚੰਡੀ ਰਿਝਾਵਣ ਤਕ ਦੀ ਸਾਰੀ ਕਹਾਣੀ

ਬੁੱਢੀ ਦਾਦੀ ਦੀ ਜਬਾਨੀ

ਪਰੀਆਂ ਦੀਆਂ ਬਾਤਾਂ ਵਾਂਗ

ਸਿਰਫ਼ ਸੁਨਣੀ ਸੁਣਾਉਣੀ ਹੀ ਨਹੀਂ

ਅਮਲ ਵਿਚ ਵੀ ਹੰਢਾਵਾਂਗੇ।

ਕਿਤਿਉਂ ਵੀ ਸ਼ੁਰੂ ਕਰ ਲਈਏ

ਕਣਕ ਦਿਆਂ ਵੱਢਾਂ 'ਚ ਫਿਰਦਿਆਂ

ਪੈਰਾਂ 'ਚ ਹੋਈਆਂ ਮੋਰੀਆਂ ਤੋਂ

ਸੈਂਕੜੇ ਬੰਦਿਆਂ ਦਾ ਗੰਦ ਹੂੰਝਦੇ

ਦੁਰਗੇ ਭੰਗੀ ਦੇ ਪੈਰਾਂ ਦੀਆਂ ਕਰੋਹੀਆਂ ਤੋਂ

ਜਾਂ ਕੱਚੀਆਂ ਕੰਧਾਂ ਨੂੰ ਅੱਡੀਆਂ ਚੁੱਕ ਚੁੱਕ ਕੇ ਲਿੱਪਦੀ

ਕੰਮੀਆਂ ਦੀ ਭੋਲਾਂ ਦੇ ਅੱਧ ਕੱਜੇ ਜਿਸਮ ਤੋਂ

ਗੱਲ ਤਾਂ ਆਖ਼ਰ ਏਥੇ ਹੀ ਮੁੱਕਣੀ ਹੈ

ਤੁਸੀਂ ਤਾਂ ਔਲਾਦ ਹੋ

ਔਰੰਗੇ, ਜ਼ਾਰ ਤੇ ਚਿਆਂਗ–ਕਾਈ–ਸ਼ੇਕ ਦੀ

ਅਸੀਂ ਤਾਂ ਰਾਹੀ ਹਾਂ

ਗੋਬਿੰਦ 'ਤੇ ਭਗਤ ਦੇ ਰਾਹ ਦੇ

ਅਸਾਡਾ ਫ਼ੈਸਲਾ ਵੀ ਹੈ ਦੋ ਟੁੱਕ ਹੀ ਹੋਣਾ

ਤੇ ਹੁਣ ਅਸੀਂ ਉਦਾਸ ਮੌਸਮ ਦਾ

ਕਾਰਣ ਹੀ ਨਹੀਂ ਲੱਭਣਾ

ਸਗੋਂ ਚੁਰਾਏ ਪਲਾਂ ਦਾ ਹਿਸਾਬ ਹੈ ਲੈਣਾ।

(ਸਬ ਜੇਲ੍ਹ ਕਪੂਰਥਲਾ 'ਚ)

ਫ਼ਰਵਰੀ, 1976

*

**ਸ਼ਾਇਦ ਉਨ੍ਹਾਂ ਨੂੰ ਭਰਮ ਹੈ**

ਸ਼ਾਇਦ ਉਨ੍ਹਾਂ ਨੂੰ ਭਰਮ ਹੈ ਕਿ

ਲਾਰਿਆਂ ਅਤੇ ਸ਼ੋਸ਼ਿਆਂ ਨਾਲ

ਬੀਤਦੇ ਰਹਿਣਗੇ ਹਰ ਆਏ ਪੰਜ ਸਾਲ।

ਦੇਸ਼ ਦੀ ਅਖੰਡਤਾ ਨੂੰ ਖ਼ਤਰਾ ਦੱਸ ਕੇ

ਗੁਆਂਢੀ ਮੁਲਕਾਂ ਪ੍ਰਤੀ

ਨਫ਼ਰਤ ਦੀ ਜ਼ਹਿਰ ਉਗਲਕੇ

ਜਾਂ ਸਮਗਲਰਾਂ ਦੀ ਗ੍ਰਿਫ਼ਤਾਰੀ ਦਾ ਨਾਟਕ ਰਚ ਕੇ

ਭਲਾ ਕਿੰਨਾ ਕੁ ਚਿਰ ਜੀਵਿਆ ਜਾ ਸਕਦੈ?

ਸ਼ਾਇਦ ਉਨ੍ਹਾਂ ਨੂੰ ਭਰਮ ਹੈ

ਕਿ ਅਸੀਂ ਜਾਣ ਨਹੀਂ ਸਕੇ

ਕਿਉਂ ਮਾਵਾਂ ਦੇ ਮੱਥਿਆਂ ਉੱਪਰ

ਵਧ ਰਹੀਆਂ ਨੇ ਤਿਊੜੀਆਂ

ਖੱਬਲ ਘਾਹ ਦੀਆਂ ਤਿੜਾਂ ਵਾਂਗ

ਕਿਉਂ ਬਾਪੂ ਦੀ ਪਿੱਠ ਉਪਰ ਹਰ ਆਏ ਦਿਨ

ਬਣ ਰਿਹਾ ਹੈ ਨਵਾਂ ਕੋਣ

ਤੇ ਬਿਨਾਂ ਖੰਘਿਆਂ ਹੀ

ਅੰਦਰ ਲੰਘ ਆਏ ਸੇਠ ਨੂੰ ਤੱਕ ਕੇ

ਕਿਉਂ ਘਰ 'ਚੋਂ ਹਰ ਖ਼ੁਸ਼ੀ ਭੱਜ ਜਾਂਦੀ

ਕਿਉਂ ਪੈਰਾਂ 'ਚ ਪਈਆਂ ਬਿਆਈਆਂ

ਖਾਈਆਂ ਦਾ ਰੂਪ ਬਣਦੀਆਂ ਜਾ ਰਹੀਆਂ?

ਸ਼ਾਇਦ ਉਨ੍ਹਾਂ ਨੂੰ ਭਰਮ ਹੈ ਕਿ ਅਸੀਂ ਬੁੱਝ ਨਹੀਂ ਸਕੇ

ਡੰਗਰ ਚਾਰ ਰਹੇ ਜੁਆਕਾਂ ਦੀਆਂ ਢਾਣੀਆਂ ਲਈ

ਮੁੱਢਲੀ ਅਤੇ ਲਾਜ਼ਮੀ ਵਿੱਦਿਆ ਕੀ ਅਰਥ ਰੱਖਦੀ ਹੈ

ਕਿਉਂ ਦੁਪਹਿਰਾ ਚੋਰੀ ਪੁੱਟੇ

ਛੋਲਿਆਂ ਦੀਆਂ ਹੋਲਾਂ ਕਰ ਖਾ ਬਿਤਾਉਂਦੇ ਨੇ

ਤੇ ਕੌਣ ਦਾਨਿਆਂ ਦੇ ਚੱਬਣੇ ਵਾਂਗ ਹੈ ਭਵਿੱਖ ਚੱਬਦਾ ਜਾ ਰਿਹਾ?

ਇਸੇ ਲਈ ਹਰ ਨਵੇਂ ਦਿਨ ਉਹ ਲਾਰੇ ਤੇ ਸ਼ੋਸ਼ੇ ਛੱਡਦੇ ਨੇ

ਤੇ ਹਰ ਨਵੀਂ ਰਾਤ ਕੋਈ ਅਣਖੀ ਸਿਰੀ ਵੱਢਦੇ ਨੇ

ਪਰ ਉਨ੍ਹਾਂ ਨੂੰ ਇਹ ਨਹੀਂ ਪਤਾ

ਕਿ ਲਾਰੇ ਤੇ ਸ਼ੋਸ਼ੇ ਤਾਂ ਅਸੀਂ ਮਹਿਬੂਬ ਦੇ ਵੀ ਸਹਿਣ ਨਹੀਂ ਕਰਦੇ

ਤੁਸੀਂ ਤਾਂ ਭਲਾ ਦੁਸ਼ਮਣਾਂ ਦੀਆਂ ਸਫ਼ਾਂ 'ਚ ਆਉਂਦੇ ਹੋ।

*

## ਉਨ੍ਹਾਂ ਦਾ ਜ਼ਿਕਰ

ਸਾਥੀਆਂ ਸੰਗ ਗੱਲਾਂ ਕਰਦਿਆਂ ਕਰਦਿਆਂ

ਜਦ ਉਨ੍ਹਾਂ ਦਾ ਜ਼ਿਕਰ ਆਉਂਦਾ ਹੈ

ਤਾਂ ਸੀਖਾਂ ਦੀ ਪਰਵਾਹ ਨਹੀਂ ਰਹਿੰਦੀ

ਮੋਟੀਆਂ ਮੋਟੀਆਂ ਕੰਧਾਂ ਦਾ ਡੈਣ ਰੂਪੀ ਚਿਹਰਾ ਹੋ ਜਾਂਦਾ ਹੈ ਓਝਲ।

ਯਾਦ ਕਰਦੇ ਹਾਂ ਕਿੰਨੇ ਗੁੰਮਰਾਹ ਸਨ ਉਹ ਪਲ

ਜਦ ਸਿਪਾਹੀ ਦੀ ਡਾਂਗ ਆਪਣੇ ਹੀ ਭਰਾਵਾਂ ਦੇ

ਗਿੱਟਿਆਂ ਤੇ ਮੋਢਿਆਂ ਉਪਰ ਵਰ੍ਹਦੀ ਸੀ

ਤੇ ਦੂਰ ਖੜ੍ਹਾ ਅਫ਼ਸਰ ਬੁੱਲ੍ਹਾਂ 'ਤੇ ਮੁਸਕਣੀ ਲਿਆ ਕੇ

ਦੇ ਰਿਹਾ ਸੀ ਆਦੇਸ਼ ਲੱਤਾਂ ਭੰਨਣ ਦਾ

ਤਾਂ ਜੋ ਅਗਾਂਹ ਵਧਦੇ ਕਦਮ 'ਕਾਨੂੰਨ ਭੰਗ' ਨਾ ਕਰ ਦੇਣ

ਦੇ ਰਿਹਾ ਸੀ ਆਦੇਸ਼ ਸਿਰਾਂ ਨੂੰ ਫੇਹਣ ਦਾ

ਤਾਂ ਜੋ ਸੋਚ ਨਾ ਸਕੀਏ ਨਾਹਰਾ ਗੂੰਜ ਨਾ ਉੱਠੇ।

ਫਟੀਆਂ ਹੋਈਆਂ ਰਜਾਈਆਂ ਦੀ ਬੁੱਕਲ ਮਾਰ

ਬੈਰਕ ਦੀ ਨੁਕਰੋਂ ਇਕ ਸਾਥੀ

ਤਰੰਨਮ ਨਾਲ ਪੜ੍ਹਦਾ ਹੈ 'ਸਿਲ੍ਹੇਹਾਰ' ਨਾਂ ਦੀ ਕਵਿਤਾ

ਜੋ ਸਿੱਟਿਆਂ ਨਾਲ ਝੋਲੀ ਭਰਦੀ ਹੈ

ਤੇ ਉਪਰੋਂ ਘੋੜੀ ਤੇ ਆਣ ਪਹੁੰਚਦਾ ਹੈ ਖੇਤਾਂ ਦਾ ਸਰਦਾਰ

ਗਾਲ੍ਹਾਂ ਕੱਢਦਾ, ਠੁੱਡੇ ਮਾਰਦਾ ਚੁਗੇ ਹੋਏ ਸਿੱਟੇ ਜਾਂਦਾ ਹੈ ਖਿਲਾਰ।

ਤਾਂ ਮੈਨੂੰ ਯਾਦ ਆਉਂਦੀ ਹੈ ਵੱਡੀ ਭੈਣ ਦੀ ਗਾਥਾ

ਜੋ ਮਾਂ ਦੇ ਦੱਸਣੇ ਮੁਤਾਬਕ ਵੀਰ ਨੂੰ ਨਾਲ ਲੈ ਕੇ

ਸਿੱਟੇ ਚੁਗਣ ਜਾਂਦੀ ਸੀ

ਤੇ ਸਰਦਾਰਾਂ ਦੀਆਂ ਕਾਮੀ ਨਜ਼ਰਾਂ ਤੋਂ ਬਚਦੀ ਮਸਾਂ ਘਰ ਆਉਂਦੀ ਸੀ।

ਗੱਲ ਚਲਦੀ ਹੈ,

ਜੇਲਰ ਦੀ ਹੈਂਕੜ ਦੀ ਗੱਲ

ਕੈਦੀਆਂ ਦੀ ਜ਼ਿੰਦਗੀ ਦੀ ਗੱਲ

ਰੋਟੀਆਂ 'ਚ ਮਿਲੀ ਰੇਤ ਦੀ ਗੱਲ

ਪਰ ਗੱਲ ਕਰਦਿਆਂ ਕਰਦਿਆਂ ਜਦ ਉਨ੍ਹਾਂ ਦਾ ਜ਼ਿਕਰ ਆਉਂਦਾ ਹੈ

ਜਿੰਨ੍ਹਾਂ ਨੇ ਸਰੂ ਜਿਹੀ ਜਵਾਨੀ ਹੱਕਾਂ ਲਈ ਭੇਟ ਕਰ ਦਿੱਤੀ

ਤਾਂ ਸੀਖਾਂ ਦੀ ਪ੍ਰਵਾਹ ਨਹੀਂ ਰਹਿੰਦੀ

ਮੋਟੀਆਂ ਮੋਟੀਆਂ ਕੰਧਾਂ ਦਾ ਡੈਣ ਰੂਪੀ ਚਿਹਰਾ ਹੋ ਜਾਂਦਾ ਹੈ ਓਝਲ।

(ਕਪੂਰਥਲਾ ਜੇਲ੍ਹ) ਫਰਵਰੀ, 1976

*

**ਹੱਥ ਫੌਲਾਦ ਬਣਦੇ ਹਨ**

ਮਜ਼ਲੂਮਾਂ ਦੇ ਜੁੜੇ ਹੋਏ ਹੱਥ ਫੌਲਾਦ ਬਣਦੇ ਹਨ।

ਜਦ ਕਿਸੇ ਬਾਗੀ ਦੀ ਭਾਲ ਵਿਚ ਪਿੰਡ ਦੀ ਪਿਆਰੀ ਧਰਤ ਨੂੰ

ਸ਼ਰਾਬੀ ਪੁਲਸੀਆਂ ਦੀ ਧੂੜ ਉਡਾਂਦੀ ਜੀਪ ਕਰ ਦਿੰਦੀ ਹੈ ਕਰੂਪ

ਤੇ ਸਿਪਾਹੀਆਂ ਦੇ ਮੂੰਹ 'ਚੋਂ ਉਡ ਰਹੀ ਲਾਹਣ ਦੀ ਹਵਾੜ

ਪੌਣ ਨੂੰ ਭ੍ਰਿਸ਼ਟ ਹੈ ਕਰਦੀ

ਜਦ ਨਸ਼ਈ ਅਫਸਰ ਦਰਵਾਜ਼ੇ 'ਚੋਂ ਲੰਘਦੀਆਂ ਜਵਾਨੀਆਂ ਵੱਲ

ਲਲਚਾ ਕੇ ਹੈ ਤੱਕਦਾ

ਤੇ ਸੱਥ ਵਿਚ ਡਿੱਗੀ ਬਜ਼ੁਰਗ ਦੀ ਪੱਗ ਤੇ ਠੁੱਗੇ ਮਾਰ ਕੇ

ਕੱਢਦਾ ਹੈ... ਮਣ ਕੁ ਪੱਕੇ ਦੀ ਗਾਲ੍ਹ

ਜਦ ਫੱਗੂ ਆਦਿਧਰਮੀ ਦੇ ਨਲੀ ਪੂੰਝਦੇ ਮੁੰਡੇ ਤੋਂ

ਖੇਡਣ ਦੀ ਰੁੱਤ ਖੋਹ ਕੇ ਪਿੱਠ 'ਤੇ ਲੱਦ ਦਿੱਤੀ ਜਾਂਦੀ

ਹੈ ਸਰਦਾਰਾਂ ਦੇ ਡੰਗਰ ਚਾਰਨ ਜਿਹੀ ਬੋਝਲ ਪੰਡ

ਜਦ ਤਿੰਨ ਸੌ ਪੈਂਹਟ ਦਿਨਾਂ ਤੇ ਰਾਤਾਂ ਦੀਆਂ ਰੀਝਾਂ

ਇਕ ਹੀ ਪਲ 'ਚ ਤੱਕੜੀ ਵਿਚ ਤੁਲਣ ਲੱਗ ਜਾਵਣ

ਤੇ ਹਿੱਕੜੀ ਤੇ ਸੱਪ ਬਣ ਕੇ ਲੇਟਣ ਲੱਗ ਜਾਵੇ

ਸ਼ਾਹੂਕਾਰ ਦੀ ਕੋਠੀ ਵਿਚ ਲੱਗੇ ਸੰਗਮਰਮਰ ਜਿਹਾ ਸੁੰਨਾ ਪਿੜ

ਜਦ ਘਰ ਵਾਲੀ ਦੇ ਢਿੱਡ ਵਿਚ

ਬੂਹੇ ਬੈਠੀ ਧੀ ਦਾ ਹੌਕਾ ਪੱਥਰੀ ਦਾ ਰੂਪ ਹੈ ਬਣਦਾ

ਜਦ ਪਿੰਡ ਦੀਆਂ ਕੁੜੀਆਂ ਦੇ
ਢਾਬ ਦੀ ਚੀਕਣੀ ਮਿੱਟੀ ਨਾਲ ਲਿੱਪੀਆਂ ਕੰਧਾਂ 'ਤੇ ਉਕਰੇ ਫੁੱਲ
ਇਕੋ ਹੀ ਚੋਏ ਨਾਲ ਵੀਰਾਨ ਹੋ ਜਾਵਣ
ਤੇ ਠਰੂੰ ਠਰੂੰ ਕਰਦੇ ਚੁੱਲ੍ਹੇ ਉਦਾਲੇ
ਇਕ ਦੂਜੇ ਦੇ ਮੂੰਹਾਂ ਵਲ ਤੱਕਦੇ ਬੱਚਿਆਂ ਦੇ ਢਿੱਡਾਂ ਵਿਚ
ਰੱਤੂ ਸਬਜ਼ੀ ਵਾਲੇ ਦੀ ਲੰਬੀ ਹੇਕ ਵਰਗੀ
ਫਿਰਦੀ ਹੈ ਭੁੱਖ ਦੀ ਲਕੀਰ
ਤਦ ਮਜ਼ਲੂਮਾਂ ਦੇ ਜੁੜੇ ਹੋਏ ਹੱਥ ਫੌਲਾਦ ਬਣਦੇ ਹਨ।

*

**ਇਹ ਵਰ੍ਹਾ - ਉਹ ਵਰ੍ਹਾ**

ਬੜੇ ਹੀ ਚਾਅ ਨੇ ਕਿ ਨਵਾਂ ਵਰ੍ਹਾ ਚੜ੍ਹਿਆ ਏ
ਚਾਅ ਕਿ–ਬਾਰਡਰ ਤੇ ਜੰਗ ਲੜ ਰਹੇ
ਇਕਲੌਤੇ ਪੁੱਤ ਦੀ ਚਿੱਠੀ 'ਚ ਲਿਖੇ ਇਨ੍ਹਾਂ ਸ਼ਬਦਾਂ ਵਾਂਗ
"ਮਾਂ ਹੌਕੇ ਨਾ ਲਈਂ ਅਸੀਂ ਜੱਗ ਜਿੱਤ ਲਈ ਹੈ, ਮੁੜ ਕਦੀ ਜੰਗ ਨਹੀਂ ਹੋਣੀ"
ਪਰ ਭੋਲੀ ਮਾਂ ਕੀ ਜਾਣੇ ਇਨ੍ਹਾਂ ਸ਼ਬਦਾਂ ' ਚ ਹੈ ਕਿੰਨੀ ਕੁ ਸਚਾਈ
ਇਹ ਜੰਗਾਂ ਕਿਉਂ ਨੇ ਹੁੰਦੀਆਂ
ਬੱਸ ਉਸ ਨੂੰ ਤਾਂ ਚਾਅ ਹੈ ਕਿ ਮੁੜ ਕਦੇ ਜੰਗ ਨਹੀਂ ਹੋਣੀ

ਚਾਅ ਕਿ–ਸਿਆਲ ਦੀ ਧੁੰਦਲੀ ਰੁੱਤੇ
ਟਪੂੰ ਟਪੂੰ ਕਰਦੇ ਬੱਚਿਆਂ 'ਚੋਂ ਉਸ ਬੱਚੇ ਵਾਂਗ
ਗੁਣਗੁਣਾਂਦਿਆਂ ਤੇ ਘੁੰਮਦੇ ਘੁੰਮਾਂਦਿਆਂ ਜਿਸਦੀ ਫੱਟੀ ਪਹਿਲਾਂ ਸੁੱਕ ਜਾਵੇ
ਤੇ ਉਹ ਖ਼ੁਸ਼ ਹੋ ਜਾਏ ਕਿ 'ਸੂਰਜ ਉਸ ਨਾਲ ਰਲ ਗਿਆ ਹੈ'
ਚਾਅ ਕਿ ਧੌਲ ਦਾੜ੍ਹੀਏ ਉਸ ਬਜ਼ੁਰਗ ਵਾਂਗੂੰ
ਜਿਸਨੂੰ ਪਿੰਡ ਦੇ ਸ਼ਾਹ ਦਾ ਕਰਜ਼ਾ

ਜਾਇਦਾਦ ਕੁਰਕਣ ਦਾ ਆਰਡਰ

ਤੇ ਇੰਜਣ ਦੀਆਂ ਕਿਸ਼ਤਾਂ ਨਾ ਭਰਨ ਤੇ

ਸਰਕਾਰੂ ਜੀਪ ਵਿਚ ਆਏ ਅਫ਼ਸਰ ਦੀ ਵਾਰਨਿੰਗ

ਚੰਬੜ ਚੁੱਕੀ ਹੈ ਖਰੀ–ਰੋਗ ਬਣਕੇ

ਤੇ ਦੂਜੀ 'ਚੋਂ ਪੜ੍ਹਨੋ ਹਟਾਏ ਪੁੱਤ ਦੀਆਂ ਲੱਤਾਂ

ਜੋ ਹਲ ਵਾਹਦਿਆਂ ਵਾਹਦਿਆਂ ਨੇ ਡਿੰਗ ਖਾ ਗਈਆਂ

ਵੱਲ ਵੇਖ ਵੱਖ ਝੂਰੇ

ਪਰ ਟੱਬਰ ਵਿਚ ਚੁੱਲ੍ਹੇ ਮੂਹਰੇ ਬੈਠਿਆਂ

ਸਨੁਕੜੇ ਦੀ ਲਿਟ ਵਰਗੀਆਂ ਮੁੱਛਾਂ ਉਪਰ ਹੱਥ ਫੇਰ ਆਖੇ

'ਵਾਗੁਰੂ ਸੁੱਖ ਰੱਖੇ ਐਤਕਾਂ ਸਭ ਸਾਫ ਹੋ ਜੂ'

ਚਾਅ ਕਿ ਉਸ ਅੱਲੜ ਕੁੜੀ ਦੇ ਵਾਂਗ

ਜਿਸ ਨੂੰ ਸੁਹਾਗ ਰਾਤੇ ਕੰਤ ਸਾਹਵੇਂ ਬੈਠਿਆਂ ਯਾਦ ਆ ਜਾਵੇ

ਕਿ ਕਿੰਜ ਪਿਛਲੇ ਮਹੀਨੇ ਹੀ ਫ਼ਸਲਾਂ 'ਚੋਂ ਕੱਖ ਕੱਢਦਿਆਂ

ਸਰਦਾਰਾਂ ਦੇ ਪੁੱਤ ਨੇ ਗੱਟੋਂ ਫੜ੍ਹਕੇ ਹੁਸਨ ਡੀਕ ਲੀਤਾ ਸੀ

ਪਰ ਇਸ ਗੱਲੋਂ ਡਰਦੀ ਕਿ ਕੰਤ ਚਿਹਰੇ ਦੀ ਉਦਾਸੀ ਤਾਂਪ ਨਾ ਜਾਵੇ

ਉਮਡ ਕੇ ਉਸ ਨਾਲ ਚੰਬੜ ਜਾਵੇ

ਵਰ੍ਹਾ ਇਹ ਚੜ੍ਹਿਆ ਏ ਪਿਛਲਿਆਂ ਵਰ੍ਹਿਆਂ ਦੀ ਤਰ੍ਹਾਂ

ਗ਼ਮੀਆਂ ਉਪਰ ਚਾਵਾਂ ਦੇ ਮੁਲੰਮੇ ਲਾ ਕੇ

ਵਰ੍ਹਾ ਉਹ ਚੜ੍ਹੇਗਾ ਜਦ ਬਾਡਰ ਤੇ ਵੀਰਾਂ ਸੰਗ ਵੀਰ ਨਹੀਂ ਲੜਨੇ

ਜਦ ਬੁਢੇ ਬਾਪੂਆਂ ਦੇ ਕੰਧਿਆਂ 'ਤੇ ਕਰਜ਼ਿਆਂ ਦੀ ਪੰਡ ਨਾ ਲਟਕੂ

ਜਦ ਪਿੰਡ ਦਿਆਂ ਕਮਾਦਾਂ ਵਿਚ ਜਬਰੀ ਹੁਸਨ ਡੀਕਣ ਵਾਲੇ

ਚੌਰਾਹਿਆਂ ਵਿਚ ਚੀਰ ਕੇ ਟੰਗਣੇ

ਤੇ ਉਸ ਵਰ੍ਹੇ ਦੀ ਆਮਦ ਲਈ ਚਹੁੰ ਕੂੰਟਾਂ ਵਿਚ ਯੁੱਧ ਹੈ ਛਿੜਿਆ

ਸਮਝੋ ਕਿ ਇਹ ਵਰ੍ਹਾ ਉਸ ਵਰ੍ਹੇ ਦੀ ਲਪੇਟ ਵਿਚ ਘਿਰਿਆ ਕਿ ਘਿਰਿਆ।

*

**ਅੱਜ ਫੇਰ**

ਅੱਜ ਫੇਰ ਸੁਰਖ ਸੂਰਜ ਦੀਆਂ

ਮਿੱਠੀਆਂ ਤੇ ਕੋਸੀਆਂ ਜਿਹੀਆਂ ਕਿਰਨਾਂ ਸੰਗ

ਲੰਘ ਆਏ ਹਨ ਤੇਰੇ ਨਾਲ ਬਿਤਾਏ ਹੁਸੀਨ ਜਿਹੇ ਪਲ

ਪਰ ਮੇਰੇ ਯਾਰ! ਬਹੁਤ ਹੀ ਭਾਰੂ ਹਨ

ਜੇਲ੍ਹ ਅੰਦਰ ਨਰਕ ਭੋਗਦੇ ਲੋਕਾਂ ਦੇ ਗਮਗੀਨ ਚਿਹਰੇ

ਸ਼ਾਇਦ ਤੂੰ ਹੈਰਾਨ ਹੋਵੇਂਗਾ ਕਿ ਚੌਵੀ ਘੰਟਿਆਂ ਦੀ ਵਿਹਲ ਵੀ

ਅਸਾਡੇ ਲਈ ਹੈ ਕਿੰਜ ਬਣ ਗਈ ਰੁਝੇਵਾਂ?

ਔਹ ਕੁੱਬੀ ਜਿਹੀ ਕੰਡ ਵਾਲਾ ਬੁੱਢਾ ਕੈਦੀ ਸੋਨੀ

ਗੰਦਗੀ ਦੀਆਂ ਢੇਰੀਆਂ ਨੂੰ ਪੀਪੇ ਵਿਚ ਭਰਕੇ

ਢਾਕ 'ਤੇ ਹੱਥ ਰੱਖੀ ਹੈ ਤੁਰਿਆ ਜਾ ਰਿਹਾ

ਤੇ ਚਿੰਤਾਵਾਂ ਦੇ ਦਾਇਰਿਆਂ ਨੂੰ ਤੋੜ ਚੁੱਕਿਆ ਜੇਠੂ

ਝਾੜੂ ਫੇਰਦਾ ਹੋਇਆ ਘੁੱਟਵੀਂ ਮਾਹੌਲ ਵਿਚ ਵੀ

ਵੰਡੀ ਜਾ ਰਿਹਾ ਹੈ ਹਾਸਿਆਂ ਦੇ ਬੁੱਕ

ਔਹ! ਹੁੱਲ ਗਈ ਫਸਲ ਦੇ ਦਾਣਿਆਂ ਜਿਹੀਆਂ

ਸੁਕੜੀਆਂ ਅੱਖਾਂ ਵਾਲਾ ਚੰਨਣ ਸਿਹੁੰ

ਪੀਪਾ ਖੜਕਾ ਕੇ ਚਿੜੀਆਂ ਉਡਾਂਦਾ

ਪਿੰਡ ਵਿਚ ਗੋਰੇ ਖੂਹ ਤੇ ਉਜੜ ਰਹੀ ਫ਼ਸਲ ਨੂੰ ਯਾਦ ਕਰਦਾ ਹੈ

ਤੇ ਔਹ! ਕਹਿਰੀ ਜਿਹੀ ਅੱਖ ਨਾਲ

ਦਫਤਰ ਵੱਲ ਝਾਕਦੇ ਵਾਰਡਰ

ਜੇਲਰ ਦੇ ਕੁਰੱਖਤ ਸੁਭਾ ਨੂੰ ਗਾਲ੍ਹਾਂ ਦੇ ਨਾਲ ਹਨ ਨਿੰਦ ਰਹੇ

ਬੜਾ ਕੁਝ ਹੋਰ ਮੇਰੇ ਯਾਰ

ਬੱਸ ਕਿੰਨੀ–ਕਿੰਨੀ ਦੇਰ ਬਾਰੀ 'ਚੋਂ ਦਿਖ ਰਹੀ ਅਸਮਾਨ ਦੀ ਟਾਕੀ ਵਿਚ

ਝਿਲਮਿਲ ਕਰਦਿਆਂ ਤਾਰਿਆਂ ਨੂੰ ਤੱਕਦਿਆਂ

ਅੰਗਾਂ 'ਚੋਂ ਉਠਦੀ ਚਸਕ ਭੁਲਾਉਣ ਦਾ ਯਤਨ ਕਰਦੇ ਹਾਂ

ਗੁੱਸਾ ਨਾ ਕਰੀਂ ਯਾਰ!

ਕਿ ਹਰ ਰੋਜ਼ ਦੀ ਤਰ੍ਹਾਂ

ਅੱਜ ਫੇਰ ਬਿਨਾਂ ਦਸਤਕ ਕੀਤਿਆਂ ਲੰਘ ਆਏ

ਤੇਰੇ ਨਾਲ ਬਿਤਾਏ ਹੁਸੀਨ ਜਿਹੇ ਪਲਾਂ ਨੂੰ

ਮੈਂ ਜੀ ਆਇਆਂ ਨਹੀਂ ਕਹਿ ਸਕਿਆ

(ਕਪੂਰਥਲਾ ਜੇਲ)

*

**ਤੇਰੇ ਦੁਖੜੇ ਮੇਰੇ ਦੁਖੜੇ**

(ਕਮਲਜੀਤ ਦੇ ਨਾਂ)

ਇਹ ਜਾਣਦਾ ਹੋਇਆ ਵੀ

ਕਿ ਰਸਤਾ ਕੰਡਿਆਲਾ ਹੈ ਬੜਾ

ਅੱਗ ਤੇ ਝੱਖੜਾਂ ਨੂੰ ਵੀ ਚੀਰਨਾ ਪੈਣਾ

ਤੂੰ ਵਧ ਰਿਹਾ ਏਂ ਆਪਣਾ ਨਿਸ਼ਾਨਾ ਪਾਣ ਲਈ

ਤੂੰ ਆਪਣੇ ਕਾਜ ਲਈ ਗੰਭੀਰ ਏਂ ਏਨਾ
ਕਿ ਸਮੁੰਦਰ ਦੀ ਗਹਿਰਾਈ ਵੀ ਕੁਝ ਨਹੀਂ
ਤੂੰ ਖ਼ੁਸ਼ ਏਂ ਏਨਾ ਜਿਉਂ ਫੁੱਲ ਖਿੜਦੇ ਨੇ ਬਹਾਰ ਵਿਚ

ਲੋਕਾਈ ਤੇ ਤਬਦੀਲੀ 'ਚ ਤੇਰਾ ਵਿਸ਼ਵਾਸ ਇਉਂ ਪੀਡਾ
ਜਿਉਂ ਹਿੱਕੜੀ ਹਿਮਾਲਾ ਦੀ
ਥਿੜਕਾਣ ਲਈ ਤੈਨੂੰ ਦੁਸ਼ਮਣਾਂ
ਵਰਤ ਲਏ ਸੱਭੇ ਹਥਿਆਰ ਪਰ ਤੂੰ ਹੱਸਦਾ ਰਿਹੋਂ

ਕੋਹੇ ਤੇਰੇ ਭੈਣ ਭਾਈ ਤੇ ਰਿਸ਼ਤੇਦਾਰ
ਰਿਹਾ ਤੂੰ ਫੇਰ ਵੀ ਅਡੋਲ
ਵਫ਼ਾ ਤੋਂ ਮੁਖ ਮੋੜਿਆ ਤੇਰੇ ਪਿਆਰ
ਪਰ ਤੇਰਿਆਂ ਹੋਠਾਂ ਤੇ ਨੱਚੀ ਫੇਰ ਵੀ ਮੁਸਕਰਾਹਟ

ਤੇਰਿਆਂ ਅੰਗਾਂ 'ਚ ਹੈ ਖ਼ਬਰੇ ਕੀ ਨਸ਼ਾ
ਕਿ ਇਕੋ ਛੁਹ ਤੇਰੀ ਨਾਲ ਦਰਦ ਚਸਕਾਂ ਹੋ ਜਾਂਦੀਆਂ ਚਕਨਾਚੂਰ
ਮਿਲਣ ਤੇਰੇ ਵਿਚ ਹੈ ਏਨਾ ਅਸਰ
ਗ਼ਮ ਗਿਲੇ ਨੱਸਦੇ ਨੇ ਕੋਹਾਂ ਦੂਰ

ਸੋਚ ਤੇਰੀ ਇਹ ਸਲਾਮਤ ਰਹੇ
ਕਾਫ਼ਲਾ ਤੇਰਾ ਵੀ ਸਲਾਮਤ ਰਹੇ
ਕਿ ਰਾਹ ਦੇ ਦੁਖੜਿਆਂ ਨੂੰ ਤਾਂ
ਵੰਡ ਲਵਾਂਗੇ ਅੱਧ ਅੱਧ ਕਰਕੇ।

(ਸਬ ਜੇਲ ਕਪੂਰਥਲਾ)

ਅਪ੍ਰੈਲ, 1976

*

## ਭਲਾ ਇੰਜ ਕਿਉਂ ਹੁੰਦਾ ਹੈ

ਵਾਹਣਾਂ 'ਚ ਬਹਿ ਕੇ ਛਾਹ ਵੇਲਾ ਖਾ ਰਹੇ

ਮਟਿਆਲੇ ਚਿਹਰਿਆਂ ਤੋਂ ਚੱਲ ਕੇ

ਅਸਮਾਨ ਛੁਹੰਦੀਆਂ ਚਿਮਨੀਆਂ ਹੇਠ

ਕੀੜਿਆਂ ਵਾਂਗ ਕੁਰਬਲ–ਕੁਰਬਲ ਕਰਦਿਆਂ ਲੋਕਾਂ ਤੀਕ

ਸਾਰੇ ਸਫ਼ਰ ਵਿਚ ਉੱਗ ਪਏ ਹਨ ਕੁਝ ਸਵਾਲ

ਤੇ ਛਿੜ ਪਈ ਹੈ ਚਰਚਾ

ਭਲਾ ਇੰਜ ਕਿਉਂ ਹੁੰਦਾ ਹੈ?

ਕਿ ਜੋਤਰੇ ਦੇ ਥਕੇਵੇਂ ਨਾਲ ਉਗਾਲੀ ਪਏ ਬਲਦਾਂ ਦੇ ਗਲ਼ਾਂ ਵਿਚ

ਹਿੱਲ ਰਹੀਆਂ ਟੱਲੀਆਂ ਦੀ ਮਿੱਠੀ ਜਿਹੀ ਛਣਕਾਰ ਨੂੰ

ਕਿਉਂ ਸਰਦਾਰਾਂ ਦੇ ਵਿਦੇਸ਼ੀ ਟਰੈਕਟਰ ਦੀ

ਭੱਦੀ ਜਿਹੀ ਘਰਰ ਘਰਰ ਨਿਗਲ ਜਾਂਦੀ ਹੈ

ਤੇ ਭਰ ਜੁਆਨ ਕਣਕਾਂ ਦੇ ਸੁਨਹਿਰੀ ਸਿੱਟਿਆਂ ਦੀ ਢਾਣੀ

ਕਿਉਂ ਜੱਟ ਦੀ ਦਹਿਲੀਜ਼ ਟੱਪਣ ਨੂੰ ਤਰਸਦੀ ਰਹਿੰਦੀ?

ਕਾਲੇ ਕਲੂਟੇ ਇੰਜਣਾਂ ਨਾਲ ਘੁਲ਼ਦਿਆਂ

ਪੀਲੇ ਭੂਕ ਚਿਹਰਿਆਂ 'ਤੇ ਜੰਮੀ ਕਾਲਖ ਦੀ ਤਹਿ ਨੂੰ

ਕਿਉਂ ਸੇਠਾਂ ਦੀ ਸੋਹਲ ਜਿਹੀ ਨੂੰਹ ਦੇ

ਨੈਣਾਂ 'ਚ ਪਾਇਆ ਕੱਜਲਾ ਹੈ ਟਿਚਕਰਾਂ ਕਰਦਾ

ਤੇ ਲੋਕ ਨਾਇਕਾਂ ਦੇ ਕਾਤਲਾਂ ਨੂੰ ਕੰਬਣੀ ਲਾਉਣ ਵਾਲੇ

ਨੰਨੇ ਜਿਹੇ 'ਰਿੰਕੂ' ਦੇ ਰੋਹਲੇ ਬੋਲਾਂ ਨੂੰ

ਕਿਉਂ ਦਿਉ ਕੱਦ ਡਰਾਉਣੇ ਚਿਹਰੇ ਹਨ ਸੁੰਘਦੇ ਫਿਰਦੇ

ਉਨ੍ਹਾਂ ਦੀ ਧੌਣ ਤੇ ਫਿਰਦੀ

ਕਣਕ ਭਿੰਨੇ ਟੰਗ ਜਿਹੀ ਤਿੱਖੀ ਕਟਾਰ ਕਵਿਤਾ ਤੇ

ਕਿਉਂ 'ਮਰਾੜ੍ਹਾਂ ਵਾਲੇ' ਦੇ ਲੱਚਰ ਗੀਤ ਹਨ ਮੁਖਬਰੀ ਕਰਦੇ

ਤੇ ਉਮਰ ਦੇ ਸਾਰੇ ਵਰ੍ਹੇ

ਗਰਮ ਹੌਕਿਆਂ ਦੇ ਸੇਕ ਵਿਚ ਪਿਘਲਣ ਦੇ ਪਿੱਛੋਂ ਵੀ

ਕਿਉਂ ਜ਼ਿੰਦਗੀ ਪਹਾੜ ਜਿਹੀ ਜਾਪੇ?

ਤੇ ਹੁਣ ਸਾਰੇ ਸਫ਼ਰ ਵਿਚ ਉੱਗ ਪਏ ਹਨ ਕੁਝ ਸਵਾਲ

ਤੇ ਛਿੜ ਪਈ ਹੈ ਚਰਚਾ

ਭਲਾ ਇੰਜ ਕਿਉਂ ਹੁੰਦਾ ਹੈ।

(ਕਪੂਰਥਲਾ ਜੇਲ) ਅਪ੍ਰੈਲ, 1976

*

## ਮਾਣ ਜਵਾਨੀ ਦਾ

ਕੀ ਕਰੋਗੇ ਜਵਾਨੀ ਤੇ ਮਾਣ

ਕਿੰਜ ਸੁਣਾਵੋਗੇ ਚਹੁੰ ਭਰਾਵਾਂ ਵਿਚ ਬਹਿਕੇ

ਸੁਰਖ ਲਹੂ ਦੀ ਗਾਥਾ

ਫਿਰ ਨਹੀਂ ਚੱਲਿਆ ਜਾਣਾ ਬੱਜਰ ਜਿਹੀਆਂ ਛਾਤੀਆਂ ਨੂੰ ਤਾਣ ਕੇ

ਤੇ ਮਟਕ ਮਟਕ ਤੁਰਦੀ ਉਮਰ ਦੇ ਹਸੂੰ ਹਸੂੰ ਕਰਦੇ ਚਿਹਰੇ ਉੱਪਰ

ਪੈ ਜਾਣਗੇ ਧੱਬੇ ਕਾਲੀ ਸਿਆਹੀ ਦੇ

ਚੱਲ ਗਏ ਜੇ ਡੰਗ ਤਿੱਖੇ ਫ਼ਰਜ਼ਾਂ ਦੀ ਕੁਤਾਹੀ ਦੇ।

ਜੇ ਬਾਪੂ ਦੀ ਦਿਹਾੜੀ ਨੂੰ

ਬਲੈਕ ਵਿਚ ਲਈਆਂ ਅਸ਼ਲੀਲ ਫਿਲਮਾਂ ਦੀਆਂ ਟਿਕਟਾਂ

ਹੀ ਨਿਗਲਦੀਆਂ ਰਹੀਆਂ

ਤੇ ਬੁੱਢੀਆਂ ਪਾਰਖੂ ਅੱਖਾਂ

ਪੁੱਤ ਦੇ ਕੀਮਤੀ ਲਿਬਾਸ ਤੋਂ ਤਿਲਕਦੀਆਂ ਹੋਈਆਂ

ਹੱਥਾਂ ਦੀਆਂ ਘਸ ਚੁੱਕੀਆਂ ਰੇਖਾਵਾਂ 'ਚੋਂ

ਹੀ ਕਿਸਮਤ ਭਾਲਦੀਆਂ ਰਹੀਆਂ–

ਜੇ ਨਾ ਸਿੱਖੀ ਜਾਚ–

ਦਿਮਾਗਾਂ ਨੂੰ ਚੰਡ ਕਰਨੇ ਦੀ

ਸੱਤਿਅਨ ਦੀ ਕਹਾਣੀ ਤੋਂ

ਜੇ ਨਾ ਸਿੱਖੀ ਜਾਚ–ਜੂਝਣ ਅਤੇ ਮਰਨੇ ਦੀ
ਕਾਲਾ ਸੰਘਿਆਂ ਦੀ ਜਵਾਨੀ ਤੋਂ।

ਬਿਨ ਅਮਲ ਦੇ ਅਕਲ ਹੈ ਕੁੱਝ ਇਸ ਤਰ੍ਹਾਂ
ਜਿਉਂ ਖ਼ੁਸ਼ਾਮਦੀ ਮਹਿਬੂਬ ਦੇ ਪੱਤਰਾਂ ਵਿਚ–
ਜਿਉਣ ਅਤੇ ਮਰਨ ਦੇ ਵਾਅਦੇ
ਪਰ ਹਵਸ ਦੀ ਸੌੜੀ ਸੋਚ ਤੋਂ ਅਗਾਂਹ ਨਾ ਵਧਣ ਜਿਸਦੇ ਇਰਾਦੇ
ਜੇ ਖਾਹਿਸ਼ ਹੈ ਜਵਾਨੀ ਤੇ ਮਾਣ ਕਰਨੇ ਦੀ
ਤਾਂ ਘੜੀ ਏਹੋ ਹੈ ਬੱਸ ਪਹਿਚਾਣ ਕਰਨੇ ਦੀ
ਆਵੋ ਕਿ ਵਰਗੀਜ਼ ਦੀਆਂ ਕੱਢੀਆਂ ਅੱਖਾਂ ਤੋਂ ਰੌਸ਼ਨੀ ਲਈਏ
ਦਿਨ ਨੂੰ ਦਿਨ ਅਤੇ ਰਾਤ ਨੂੰ ਰਾਤ ਕਹੀਏ।

(ਜ਼ਿਲ੍ਹਾ ਜੇਲ੍ਹ ਫਿਰੋਜ਼ਪੁਰ)

ਜੂਨ, 1976

*

## ਪਿੰਡਾਂ ਜਿਹਾ ਪਿੰਡ

ਹਾਂ ਏਥੇ ਵੀ ਹਰ ਸੁਬਾ ਬੰਦੀ ਖੁੱਲ੍ਹਣੇ ਤੋਂ ਬਾਦ
ਤੇ ਹਰ ਆਥਣ ਬੰਦੀ ਹੋਣ ਤੋਂ ਪਹਿਲਾਂ
ਪਿੰਡਾਂ ਜਿਹਾ ਪਿੰਡ ਵੱਸਦਾ ਹੈ
ਹੱਥਾਂ ਵਿਚ ਹੱਥ ਪਾ ਘੁੰਮਣ ਲੱਗ ਜਾਂਦੀਆਂ ਹਨ
ਮਿਲਵੇਂ ਸੁਭਾਅ ਦੀਆਂ ਢਾਣੀਆਂ
ਇੰਨ ਬਿੰਨ ਪਿੰਡਾਂ ਦੀ ਤਰ੍ਹਾਂ
ਵਿਹੜੇ 'ਚ ਉੱਗੇ ਤੂਤਾਂ ਦੀ ਠੰਡੀ ਛਾਂ ਹੇਠਾਂ
ਤਾਸ਼ ਖੇਡਦੇ ਕਿਲਕਾਰੀਆਂ ਮਾਰਦੇ ਕੁਝ ਮਨਚਲੇ।

ਕੁਝ ਚਿੱਟੀਆਂ ਦਾੜ੍ਹੀਆਂ ਵਾਲੇ ਜਿੰਨ੍ਹਾਂ ਦੇ ਚਿਹਰਿਆਂ ਉਪਰ
ਸੂ ਰਹੇ ਕਰਜ਼ੇ ਨੇ ਹੈ ਗੰਭੀਰਤਾ ਲੈ ਆਂਦੀ
ਕੋਈ ਦਾਨੀ ਜਿਹੀ ਗੱਲ ਕਰਦੇ ਹਨ
ਜਦ ਵੀ ਕੋਈ ਦਿਨ ਤਿਉਹਾਰ ਆਉਂਦਾ ਹੈ
ਲੋਕੀ ਏਥੇ ਵੀ ਇਕੱਠ ਕਰਦੇ ਹਨ
ਫਿਰ ਗੱਲਾਂ 'ਚੋਂ ਗੱਲ ਨਿਕਲਦੀ ਹੋਈ

ਪਹੁੰਚ ਜਾਂਦੀ ਹੈ ਵਕਤ ਤੇ ਹਾਕਮਾਂ 'ਤੇ

ਹਾਂ ਮੁਖ਼ਬਰ ਮੁਖ਼ਬਰੀ ਕਰਨੋਂ ਏਥੇ ਵੀ ਬਾਜ ਨਹੀਂ ਰਹਿੰਦੇ

ਪਰ ਲੋਕਾਂ ਦੀ ਰੋਹ ਭਰੀ ਤੱਕਣੀ ਦੇ ਵਾਰ ਵੀ ਨਹੀਂ ਸਹਿੰਦੇ।

ਹਰ ਰੋਜ਼ ਇੰਜ ਹੀ ਚੱਲਦਾ ਹੈ

ਸ਼ਾਮ ਦੇ ਘੁਸਮੁਸੇ ਅੰਦਰ ਸ਼ੀਲਤਾ। ਅਸ਼ਲੀਲਤਾ ਦੀਆਂ ਹੱਦਾਂ ਟੱਪਦੀ

ਗੂੰਜ ਉਠਦੀ ਹੈ ਕਿਸੇ ਦੀ ਵੈਰਾਗੀ ਜਿਹੀ ਅਵਾਜ਼

ਤੇ ਸੀਖਾਂ ਅੰਦਰੋਂ ਉਠ ਰਹੇ ਪੰਛੀਆਂ ਨੂੰ ਤੱਕ ਕੇ

ਵਧ ਜਾਂਦੀ ਹੈ ਜ਼ਿੰਦਗੀ ਲਈ ਹੋਰ ਵੀ ਹਸਰਤ

ਤੇ ਦੁਸ਼ਮਣਾਂ ਲਈ ਹੋਰ ਵੀ ਨਫ਼ਰਤ।

ਹਾਂ ਏਥੇ ਵੀ ਪਿੰਡਾਂ ਜਿਹਾ ਪਿੰਡ ਵੱਸਦਾ ਹੈ।

ਫ਼ਰਕ ਏਨਾ ਕਿ–

ਉਹ ਦੀਵਾਰਾਂ ਦੀ ਵਲਗਣ ਦੇ ਬਾਹਰ ਵੱਸਦਾ ਹੈ

ਤੇ ਇਹ ਦੀਵਾਰਾਂ ਦੀ ਵਲਗਣ ਦੇ ਅੰਦਰ ਵੱਸਦਾ ਹੈ।

(ਜ਼ਿਲ੍ਹਾ ਜੇਲ ਫਿਰੋਜ਼ਪੁਰ)

ਜੁਲਾਈ, 1976

*

**ਦੇਸਣ ਭੈਣ ਨੂੰ**

ਵਤਨ ਦੀ ਜੂਹ ਤੋਂ ਹਜ਼ਾਰਾਂ ਕੋਹ ਦੂਰ ਬੈਠੀ

ਸੁੱਖ ਮਾਣ ਰਹੀ ਮੇਰੀ ਲਾਡਲੀ ਭੈਣੇ

ਤੇਰੇ ਖ਼ਤ 'ਚੋਂ ਜੋ ਹੁਣੇ–ਹੁਣੇ ਮਿਲਿਆ ਏ

ਗਿਲਿਆਂ, ਸ਼ਿਕਵਿਆਂ, ਰੋਸਿਆਂ, ਹੰਝੂਆਂ

ਮੁਹੱਬਤ ਤੇ ਤਾਨਿਆਂ ਦਾ ਸੇਕ ਆਇਆ ਹੈ।

ਤੂੰ ਬਚਪਨ ਤੋਂ ਜਵਾਨੀ ਤੀਕ ਦੀ ਸਾਰੀ ਹੀ ਦਾਸਤਾਨ

ਕੀਤੀ ਹੈ ਕੁਝ ਇਸ ਤਰ੍ਹਾਂ ਬਿਆਨ

ਕਿ ਮੈਨੂੰ ਮਹਿਸੂਸ ਹੁੰਦਾ ਹੈ

ਮੈਂ ਹੁਣ ਵੀ ਤੇਰੀ ਗੋਦੀ 'ਚ ਬੈਠਾ

ਸ਼ੀਰੀਂ ਆਵਾਜ਼ ਵਿਚ ਲੋਰੀਆਂ ਹਾਂ ਸੁਣ ਰਿਹਾ

ਪਰ ਤੇਰੀ ਇਹ ਇੱਛਾ–ਤੇਰਾ ਇਹ ਖ਼ਿਆਲ

ਕਿ ਛੱਡ ਦਿਆਂ ਸੱਚ ਦਾ ਪੱਲਾ

ਮੈਨੂੰ ਤਾਂ ਜਾਪਿਆ ਹੈ ਬੜਾ ਈ ਝੱਲਾ।

ਸ਼ਾਇਦ ਤੈਨੂੰ ਯਾਦ ਹੋਵਣਗੇ ਉਹ ਸਖ਼ਤ ਜਿਹੇ ਦਿਹਾੜੇ

ਜਦੋਂ ਕੁਝ ਛਿੱਲੜਾਂ ਬਦਲੇ ਧੁਆਂਖੇ ਜਿਹੇ ਦੀਵੇ ਦੀ ਲੋਏ

ਕਸੀਦਾ ਕੱਢ–ਕੱਢ ਤੂੰ ਅੱਖੀਆਂ ਗਾਲਦੀ ਸੈਂ

ਤੇ ਜ਼ਫਰ ਜਾਲਦੀ ਸੈਂ

ਪਰ ਤੇਰੇ ਸੁੱਖ ਹੁਣ ਹੋ ਗਏ ਨੇ ਇਤਨੇ ਭਾਰੂ ਕਿ ਤੂੰ ਸਮਝ ਨਹੀਂ ਸਕਦੀ

ਉਨ੍ਹਾਂ ਬੇਹਿਸਾਬ ਭੈਣਾਂ ਦੀ ਦਰਦਮਈ ਕਹਾਣੀ

ਜੋ ਵਤਨ ਦੀ ਪਾਵਨ ਧਰਤੀ ਤੇ ਜਿਸਮ ਨੂੰ ਵੇਚ ਰਹੀਆਂ ਨੇ

ਤੇ ਬਣ ਗਈ ਹੈ ਵੈਰਨ ਜਿਨ੍ਹਾਂ ਦੀ ਆਪਣੀ ਹੀ ਜਵਾਨੀ

ਤੂੰ ਜਾਣ ਨਹੀਂ ਸਕਦੀ ਤੇਰੀ ਮਾਂ ਜਿਹੀਆਂ ਸੈਂਕੜੇ ਮਾਵਾਂ–

ਤੇ ਤੇਰੇ ਵੀਰ ਜਿਹੇ ਅਣਗਿਣਤ ਵੀਰੇ

ਪੇਟ ਦੀ ਅੱਗ ਬੁਝਾਵਣ ਲਈ–ਹੱਕ ਦੀ ਗੱਲ ਪੁਗਾਵਣ ਲਈ

ਅੱਜ ਬਰੂਦ ਖਾਂਦੇ ਨੇ।

ਹੁਣ ਤੂੰਹੀਓਂ ਦੱਸ ਨੀ ਭੈਣੇ

ਕਿ ਲਹੂ ਦਾ ਰਿਸ਼ਤਾ ਜੋ ਜਿਉ ਰਿਹਾ ਹੈ ਬਹਾਰਾਂ ਵਿਚ

ਤੇ ਵਿਚਾਰਾਂ ਦਾ ਨਾਤਾ ਜੋ ਵਿਕ ਰਿਹਾ ਹੈ ਬਾਜ਼ਾਰਾਂ ਵਿਚ

ਮੈਂ ਕਿਸ ਨੂੰ ਪਹਿਲ ਦੇਵਾਂ?

*

**ਆਖ਼ਰੀ ਖ਼ਤ ਦੇ ਸ਼ਬਦ**

ਉਨ੍ਹਾਂ ਸ਼ਬਦਾਂ ਨੂੰ ਜੋ ਤੂੰ ਆਖ਼ਰੀ ਖ਼ਤ 'ਚ ਲਿਖੇ ਸਨ

ਮੈਂ ਅਮਾਨਤ ਸਮਝ ਕੇ ਦਿਲ ਉਪਰ ਉੱਕਰ ਲਿਆ ਹੈ

ਹੁਣ ਇਹ ਸ਼ਬਦ ਨਿਰੇ ਸ਼ਬਦ ਹੀ ਨਹੀਂ ਰਹੇ

ਮੇਰੇ ਹਮਸਫ਼ਰ ਬਣ ਗਏ ਨੇ

ਇਹ ਇਤਨੇ ਕੱਦਾਵਰ ਨੇ

ਕਿ ਇਕੱਲ, ਭੈਅ, ਦੁਸ਼ਮਣ ਬੌਣੇ ਜਿਹੇ ਜਾਪਣ

ਇਨ੍ਹਾਂ ਵਿਚ ਬੱਲ ਹੈ ਏਨਾ

ਕਿ ਹੋਣੀਆਂ ਦੇ ਰੁੱਖ ਬਦਲਣ

ਇਹ ਉਦੋਂ ਵੀ ਨਾਲ ਸਨ ਮੇਰੇ

ਜਦ ਅੰਗਿਆਰ ਵਾਂਗ ਤਪਦੇ ਅਲਫ਼ ਨੰਗੇ ਜਿਸਮ ਉੱਪਰ

ਵਾਰ ਕਰਦੇ ਬੁੱਚੜਾਂ 'ਚ ਘਿਰਿਆ ਖਲੋਤਾ ਸਾਂ

ਤੇ ਹੁਣ ਜਦੋਂ ਪਿੰਡ ਦੇ ਪਿਆਰੇ ਖੇਤਾਂ ਵਿਚ

ਮਹਿਕਦੇ ਕਾਸ਼ਣੀ ਦੇ ਫੁੱਲਾਂ ਤੋਂ

ਮੀਲਾਂ ਦੂਰ ਬੈਠਾ ਸੀਖਾਂ ਵਿਚ ਤੜਿਆ ਹਾਂ

ਵੀ ਅੰਗ ਸੰਗ ਨਾਲ ਹਨ ਮੇਰੇ

ਵਕਤ ਦਾ ਗੇੜ ਹੈ ਕਿ ਤੂੰ ਸੱਤ ਸਮੁੰਦਰ ਦੂਰ ਬੈਠਾ ਹੈਂ

ਪਰ ਤੇਰੇ ਆਖਰੀ ਮਿਲੇ ਖ਼ਤ ਦੇ ਸ਼ਬਦ ਤਾਂ ਕੋਲ ਮੇਰੇ ਹਨ

ਤੂੰ ਲੱਖ ਦੂਰ ਸਹੀ ਉਹ ਸ਼ਬਦ ਤਾਂ ਨੇੜੇ ਹਨ।

(ਜ਼ਿਲ੍ਹਾ ਜੇਲ੍ਹ ਸੰਗਰੂਰ)

ਨਵੰਬਰ, 1976

*

**ਜ਼ਿਹਨ ਵਿਚ ਉੱਗਿਆ ਬੂਟਾ**

ਜ਼ਿਹਨ ਵਿਚ ਸੋਚ ਦਾ ਇਕ ਬੂਟਾ ਉੱਗਿਆ ਹੈ।

ਜਿਸਦੀਆਂ ਹਰੀਆਂ ਕਚੂਰ ਪੱਤੀਆਂ

ਵਧ ਰਹੀਆਂ ਲਗਰਾਂ, ਬੰਦ ਡੋਡੀਆਂ ਤੇ ਖਿੜ ਰਹੇ ਫੁੱਲ

ਇਕ ਇਕ ਕਰਕੇ ਕਿਰ ਰਹੇ ਹਨ, ਝੜ ਰਹੇ ਹਨ

ਤੇ ਰੁੰਡ ਮੁੰਡ ਤਣਾ ਪ੍ਰਸ਼ਨ ਚਿੰਨ੍ਹ ਬਣ ਕੇ ਖਲੋਤਾ ਹੈ

ਸਾਵੀਆਂ ਪੱਤੀਆਂ ਪ੍ਰਤੀਕ ਹਨ ਪਿੰਡ ਦੀਆਂ ਫ਼ਸਲਾਂ ਦਾ

ਜੋ ਹਰ ਸਾਉਣੀ ਤੇ ਹਾੜ੍ਹੀ ਵਿਚ

ਜੰਮਣ ਸਾਰ ਹੀ ਠੰਗੀਆਂ ਜਾਵਣ

ਵਧ ਰਹੀਆਂ ਲਗਰਾਂ ਅੱਲੜ੍ਹ ਕੁੜੀਆਂ ਵਾਕਰ ਨੇ

ਜਿੰਨ੍ਹਾਂ ਦੀ ਉਭਰਦੀ ਜਵਾਨੀ ਦਾ ਸੇਕ

ਸਾਜਨ ਦੀ ਮਿਲਣੀ ਤੋਂ ਪਹਿਲਾਂ ਹੀ

ਸਰਦਾਰਾਂ ਦੀ ਹਵੇਲੀ ਵਿਚ ਠੰਡਾ ਯਖ ਹੋ ਜਾਂਦਾ ਹੈ

ਬੰਦ ਡੋਡੀਆਂ ਮਾਂ ਦੀ ਉਮਰ ਦੀਆਂ ਔਰਤਾਂ ਨੇ

ਜੋ ਅਬੋਲ ਰਹਿ ਕੇ ਵੀ ਜੂਝਦੇ ਪੁੱਤਾਂ ਦੀ ਸੁਖਣਾ ਸੁੱਖਦੀਆਂ

ਝੋਰੇ ਦਾ ਰੋਗ ਲਾ ਬੈਠਣ

ਤੇ ਖਿੜ ਰਹੇ ਫੁੱਲ ਨੰਗ ਧੜੰਗੇ ਅਲੂੰਏਂ ਜਿਹੇ ਬੱਚੇ ਨੇ

ਜਿੰਨ੍ਹਾਂ ਨੂੰ ਕੰਧ ਤੇ ਲੱਗਿਆ 'ਵਿਦਿਆ ਤੀਜਾ ਨੇਤਰ ਹੈ' ਦਾ ਇਸ਼ਤਿਹਾਰ

ਹਰ ਰੋਜ਼ ਦੰਦੀਆਂ ਚਿੜਾਉਂਦਾ ਹੈ

ਅਤੇ ਰੁੰਡ–ਮੁੰਡ ਤਣਾ ਉਸ ਬਜ਼ੁਰਗ ਦਾ ਚਿੰਨ੍ਹ ਹੈ

ਜਿਸਨੇ ਸਦੀ ਦਾ ਤੀਸਰਾ ਹਿੱਸਾ ਹੰਢਾਅ ਕੇ ਵੀ

ਸਾਵੀਆਂ ਫ਼ਸਲਾਂ ਦਾ ਦਰਦ

ਕੁਆਰੀਆਂ ਕੁੜੀਆਂ ਦੀ ਚੀਕ

ਬੁੱਢੀਆਂ ਮਾਵਾਂ ਦਾ ਗ਼ਮ

ਹਿੱਕ ਉਪਰ ਧਰਕੇ ਜਵਾਨੀ ਨੂੰ ਸੁਆਲ ਪਾਇਆ ਸੀ

ਤੇ ਹੁਣ ਅਸੀਂ ਜਵਾਬ ਦੀ ਭਾਲ ਵਿਚ ਮਸਰੂਫ ਹਾਂ।

(ਜ਼ਿਲ੍ਹਾ ਜੇਲ੍ਹ ਸੰਗਰੂਰ) ਜਨਵਰੀ, 1977

*

## ਇਕ ਤਰਲਾ

ਇਸ ਨੂੰ ਮੇਰੀ ਕਮਜ਼ੋਰੀ ਕਹੋ ਜਾਂ ਭਾਵੁਕਤਾ
ਮੇਰੇ ਦੋਸਤੋ! ਮੇਰਾ ਇਕ ਤਰਲਾ ਹੈ
ਕਿ ਮੇਰੇ ਸੰਗ ਦਰਦ ਦੀ ਗੱਲ ਨਾ ਛੇੜੋ
ਕੋਈ ਦੁਖਦੀ ਰਗ ਨਾ ਛੂਹੋ
ਇਹ ਅੱਥਰੂ ਬੜੇ ਹੀ ਚੰਦਰੇ ਨੇ
ਜੋ ਅਸਾਡੇ ਵਿਚਕਾਰ ਹੋਈਆਂ ਦਰਦ ਵਿਗੁੱਤੀਆਂ ਗੱਲਾਂ
ਸੁਣਕੇ ਹੀ ਟਪਕ ਪੈਂਦੇ ਹਨ
ਉਂਜ ਤਾਂ ਮੈਂ ਸਰਦ ਰਾਤਾਂ 'ਚ ਡਾਂਗਾਂ ਦੀਆਂ ਚਸਕਾਂ ਨੂੰ
ਸ਼ਰਬਤ ਵਾਂਗ ਪੀ ਸਕਦਾ ਹਾਂ
ਹਿਜਰ ਦੀ ਪੀੜਾ ਵੀ ਸਮੋ ਸਕਦਾ ਹਾਂ ਜਿਗਰ
ਪਰ ਜਦ ਕਦੀ ਵੀ ਕੰਡਿਆਂ ਨਾਲ ਭਰੀ ਥੋਹਰ ਵਾਂਗੂੰ
ਟੱਬਰ ਦੀਆਂ ਕੰਡਿਆਲੀਆਂ ਘੜੀਆਂ ਦੀ ਗੱਲ ਚੱਲਦੀ ਹੈ
ਲੰਬੀ ਬਿਮਾਰੀ ਨਾਲ ਬੇਇਲਾਜ ਮੋਏ ਬਾਪ ਦਾ ਜ਼ਿਕਰ ਆਉਂਦਾ ਹੈ
ਜਾਂ ਦੋਧੀਆਂ ਛੱਲੀਆਂ ਵਾਂਗ
ਭੈਣਾਂ ਦੇ ਠੰਗੇ ਅਰਮਾਨ ਯਾਦ ਆਉਂਦੇ ਹਨ
ਤਾਂ ਪਲਕਾਂ ਨਾ ਚਾਹੁੰਦਿਆਂ ਹੋਇਆਂ ਵੀ ਸਿੱਲ੍ਹੀਆਂ ਹੋ ਜਾਂਦੀਆਂ ਹਨ
ਮੈਨੂੰ ਯਾਦ ਹੈ ਕਾਲਜ ਦੇ ਨੋਟਿਸ ਬੋਰਡ 'ਤੇ ਚਿਪਕੀ
ਫੀਸਾਂ ਤਾਰਨ ਦੀ ਆਖ਼ਰੀ ਤਾਰੀਖ ਯਾਦ ਕਰਕੇ
ਮਾਂ ਸੁੱਤੀ ਪਈ ਬਰੜਾ ਉਠਦੀ ਸੀ
ਤੇ ਫਿਰ ਮਾਂ ਦੇ ਹੰਝੂ ਅੱਖੀਆਂ 'ਚ ਸਿੰਮਦੇ ਗਏ

ਭੈਣਾਂ ਦੇ ਹੰਝੂ ਪਲਕਾਂ ਨੂੰ ਛੂੰਹਦੇ ਰਹੇ

ਜੋ ਹੁਣ ਨਿੱਕੀ ਜਿਨੀ ਦਰਦ ਭਿੰਨੀ ਗੱਲ ਸੁਣਕੇ ਹੀ ਟਪਕ ਪੈਂਦੇ ਹਨ

ਏਸ ਲਈ ਮੇਰੇ ਦੋਸਤੋ! ਮੇਰੇ ਸੰਗ ਦਰਦ ਦੀ ਗੱਲ ਨਾ ਛੇੜੋ

ਕੋਈ ਦੁਖ਼ਦੀ ਰਗ ਨਾ ਛੂਹੋ ਇਹ ਅੱਥਰੂ ਬੜੇ ਈ ਚੰਦਰੇ ਨੇ...।

(ਜ਼ਿਲ੍ਹਾ ਜੇਲ੍ਹ ਸੰਗਰੂਰ) ਦਸੰਬਰ, 1977

*

## ਰਾਤ ਦੇ ਤਿੰਨ ਪਹਿਰ

ਇਹ ਕੇਹੀ ਰਾਤ ਹੈ
ਅੱਖਾਂ 'ਚ ਉਨੀਂਦਰੇ ਦੀ ਰੜਕ ਹੁੰਦਿਆਂ ਵੀ
ਨੀਂਦਰ ਨਹੀਂ ਪੈਂਦੀ
ਤੀਜਾ ਪਹਿਰ ਵੀ ਆਪਣੇ ਅੰਤਲੇ ਦਮਾਂ 'ਤੇ ਹੈ
ਤੇ ਟਾਈਮ ਪੀਸ ਦੀਆਂ ਸੂਈਆਂ
ਟਿਕ ਟਿਕ ਦੀ ਨਿਰੰਤਰ ਅਵਾਜ਼ੇ ਚੱਲ ਰਹੀਆਂ ਹਨ
ਗਵਾਂਢ ਵਿਚ ਪਏ ਬਜ਼ੁਰਗ ਦਾ ਹੂੰਗਣਾ
ਹਰ ਪਲ ਤੇਜ਼ ਹੋ ਰਿਹਾ ਹੈ
ਸ਼ਾਇਦ ਘੜੀ ਦੀ ਟਿਕ ਟਿਕ ਨਾਲ ਪੀੜਿਤ ਬਜ਼ੁਰਗ ਦੇ ਹੂੰਘਣ ਦੀ
ਦੌੜ ਲੱਗ ਗਈ ਹੋਈ ਏ
ਪਿਛਵਾੜੇ ਉੱਗੇ ਰੁੱਖ ਉੱਪਰ
ਕਿਸੇ ਮਾਸਖੋਰੇ ਜਾਨਵਰ ਦੀ ਝਪਟ ਨਾਲ
ਕੋਈ ਅਣਭੋਲ ਪੰਛੀ ਕੁਰਲਾ ਉੱਠਿਆ ਹੈ

ਇਹ ਕੇਹੀ ਰਾਤ ਹੈ—
ਆਲੇ ਦੁਆਲੇ ਲਗਾਤਾਰ ਘਟਨਾਵਾਂ ਵਾਪਰ ਰਹੀਆਂ ਹਨ
ਇੰਜ ਲਗਦਾ ਹੈ ਕਿ ਮੈਂ ਇਨ੍ਹਾਂ ਵਿਚ ਘਿਰਿਆ ਖਲੋਤਾ ਹਾਂ
ਤੇ ਇਹ ਮੈਨੂੰ ਚਰੂੰਡ–ਚਰੂੰਡ ਕੇ ਖਾ ਰਹੀਆਂ ਹਨ।

ਦੋਸਤਾਂ ਮਿੱਤਰਾਂ ਤੇ ਅੰਗਾਂ ਸਾਕਾਂ ਦੇ
ਗਿਲਿਆਂ ਸ਼ਿਕਵਿਆਂ ਨੂੰ ਫੌਜੀਆਂ ਦੇ ਪਿੱਠੂ ਵਾਂਗ
ਪਿੱਠ ਉੱਪਰ ਬੰਨ੍ਹੀ ਫਿਰਦਾ ਹਾਂ
ਤੇ ਸੁਪਨੇ 'ਚ ਨੱਸਣ ਵਾਂਗ ਚਾਹੁੰਦਾ ਹੋਇਆ ਵੀ
ਇਨ੍ਹਾਂ ਤੋਂ ਖਹਿੜਾ ਛੁਡਾ ਨਹੀਂ ਸਕਦਾ।
ਰਾਤ ਚੁੱਪ ਹੈ ਹਰ ਪਾਸੇ ਸਨਾਟਾ ਹੈ।
ਮੈਂ ਮੁਜ਼ਰਮਾਂ ਵਾਂਗ
ਕਮਰੇ ਦੀ ਹਰ ਨੁੱਕਰੇ ਤੱਕਦਾ ਹਾਂ
ਤੇ ਮੀਲਾਂ ਤੱਕ ਪਸਰੇ ਹਨ੍ਹੇਰੇ 'ਚੋਂ
ਚੌਥੇ ਪਹਿਰ ਦੀ ਪੈੜ ਚਾਪ ਸੁਣਨ ਦੀ ਕੋਸ਼ਿਸ਼ ਕਰਦਾ ਹਾਂ
ਕਿਤਿਉਂ ਤਾਂ ਕੋਈ
ਫ਼ੈਜ਼ ਦਾ ਸ਼ੇਅਰ ਗੁਣਗੁਣਾਵੇਗਾ
ਨਾਜ਼ਮ ਦੀ ਰੋਹਲੀ ਨਜ਼ਮ ਪੜੇਗਾ
ਜਾਂ 'ਖਟਕੜ' ਦਾ ਗੀਤ ਗਾਵੇਗਾ
ਤਾਂ ਜੋ ਇਹ ਰਾਤ ਕੱਟ ਸਕੇ
ਅੱਜ ਦੀ ਇਹ ਰਾਤ ਕੇਹੀ ਰਾਤ ਹੈ।

*

## ਗਿਲਿਆਂ 'ਚ ਘਿਰਿਆ ਮਨੁੱਖ

ਮੈਂ ਬਹੁਤ ਹੀ ਨਾਸ਼ੁਕਰਾ ਹਾਂ ਮੇਰੀ ਮ!

ਉਮਰ ਦੇ ਕਿੰਨੇ ਵਰ੍ਹੇ ਹੰਢਾਉਣ ਪਿਛੋਂ ਵੀ

ਤੇਰੀਆਂ ਸੋਚਾਂ ਦੀ ਤਾਣੀ ਨੂੰ

ਜੋ ਹਰ ਛਿਣ ਉਲਝਦੀ ਜਾਂਦੀ ਹੈ

ਸੁਲਝਾ ਨਹੀਂ ਸਕਿਆ

ਤੂੰ ਸੋਚਿਆ ਸੀ

ਮੈਂ ਤੇਰੇ ਸੀਨੇ ਦੀ ਤਪਸ਼ ਨੂੰ ਠੰਢਕ ਪਹੁੰਚਾਵਾਂਗਾ

ਘਰ ਦੀਆਂ ਨੁੱਕਰਾਂ

ਜੋ ਪਰਿਵਾਰ ਦੇ ਭੁੱਖੇ ਜੀਆਂ ਨੂੰ ਖਾਣ-ਖਾਣ ਕਰਦੀਆਂ ਸਨ

ਉਨ੍ਹਾਂ ਦੀ ਨੁਹਾਰ ਬਦਲਾਂਗਾ

ਪਰ ਤੇਰੇ ਚਿਹਰੇ ਦੀਆਂ ਝੁਰੜੀਆਂ

ਭੈਣਾਂ ਦੇ ਵਿਆਹ ਤੇ ਲਏ ਕਰਜ਼ੇ ਦਾ ਸੂਦ
ਤੇ ਬਾਪੂ ਦੀ ਧੌਲ ਦਾੜ੍ਹੀ ਮੇਰੇ ਲਈ ਅੱਜ ਵੀ ਸਵਾਲੀ ਹੈ

ਮੇਰੇ ਦੋਸਤਾਂ ਨੂੰ ਗਿਲਾ ਹੈ
ਕਿ ਮੈਂ ਬਹੁਤ ਚਿੜਚਿੜਾ ਹੋ ਰਿਹਾ ਹਾਂ
ਤੇ ਮਹਿਫ਼ਲਾਂ ਵਿਚ ਕਹਿਕਹੇ ਨਹੀਂ ਲਾਉਂਦਾ
ਮੇਰੀਆਂ ਨਜ਼ਮਾਂ 'ਚ ਮੁਹੱਬਤ ਦਾ ਜ਼ਿਕਰ ਕਿਉਂ ਆਉਂਦਾ ਹੈ

ਮੈਂ ਆਪਣੇ ਮਹਿਬੂਬ ਦੀਆਂ ਨਜ਼ਰਾਂ ਵਿਚ ਵੀ
ਸ਼ੱਕੀ ਜਿਹਾ ਬਣ ਗਿਆ ਹਾਂ
ਸ਼ਾਇਦ ਉਸਨੂੰ ਡਰ ਹੈ ਕਿ
ਮੈਂ ਉਸਦੇ ਰੰਗੀਨ ਸੁਪਨਿਆਂ ਨੂੰ ਸਕਾਰ ਨਹੀਂ ਕਰ ਸਕਣਾ
ਮੈਂ ਉਸਦੇ ਗਲੇ ਦੀ ਗਾਨੀ
ਤੇ ਨਾਜ਼ੁਕ ਅੰਗਾਂ ਨੂੰ ਚਿਤਰਨ ਦੀ ਥਾਂ
ਪੇਟ ਦੀ ਬਾਤ ਕਿਉਂ ਪਾਉਂਦਾ ਹਾਂ?
ਮੇਰੇ ਦੋਸਤ! ਮੈਂ ਜੋ ਵੀ ਹਾਂ
ਕਟਹਿਰੇ ਵਿਚ ਹਾਜ਼ਰ ਹਾਂ
ਤੇ ਸਜ਼ਾ ਪਾਉਣ ਲਈ ਤਿਆਰ ਹਾਂ।

*

**ਸ਼ੌਂਕ**

ਤੁਸੀਂ ਜੋ ਸਵਾਲ ਕੀਤਾ ਹੈ

ਕਿ ਆਪਣਾ ਸ਼ੌਂਕ ਦੱਸੋ

ਬੜਾ ਦਿਲਚਸਪ ਲੱਗਿਆ ਹੈ

ਉਂਜ ਤਾਂ ਸਾਡੇ ਸ਼ੌਂਕ ਸਿਰਫ਼ ਸ਼ੌਂਕ ਨਹੀਂ ਹੁੰਦੇ

ਜ਼ਿੰਦਗੀ ਦਾ ਅੰਗ ਹੁੰਦੇ ਨੇ

ਜੋ ਅਸੀਂ ਹਰ ਪਲ ਹੰਢਾਉਂਦੇ ਹਾਂ

ਫਿਰ ਵੀ ਤੁਸੀਂ ਜੇ ਜ਼ਿਦ ਕਰਦੇ ਹੋ ਤਾਂ ਦੱਸਦੇ ਹਾਂ

ਜਨਾਬ! ਸਾਡੇ ਸ਼ੌਕ ਬਹੁਤ ਅਵੱਲੜੇ ਹਨ

ਹਵਾ ਦੇ ਨਾਲ ਤੁਰਨਾ

ਸਮੇਂ ਦੀ ਨਬਜ਼ ਟੋਹਣੀ

ਖ਼ਤਰਿਆਂ ਨੂੰ ਮੁੱਲ ਲੈਣਾ

ਅਸਾਡੇ ਸ਼ੌਕ ਵਿਚ ਆਉਂਦਾ ਹੈ

ਇੰਜ ਇਹ ਸਿਲਸਿਲਾ ਜਾਰੀ ਰਹਿੰਦਾ ਹੈ

-ਜਦ ਪੁੱਤਾਂ ਵਾਂਗ ਪਾਲੀਆਂ ਫਸਲਾਂ ਦਾ ਹਿਸਾਬ

ਚੁੱਲ੍ਹੇ ਅੱਗੇ ਬਹਿ ਕੇ ਨਹੀਂ ਸਗੋਂ ਸ਼ਾਹ ਦੀ ਵਹੀ 'ਚ ਹੁੰਦਾ ਹੈ

-ਜਦ ਕੜਕਦੀ ਧੁੱਪੇ ਗੋਡੀ ਕਰਦਿਆਂ

ਪੀਲੀਏ ਦਾ ਮਰੀਜ਼ ਬਣਿਆ ਬਾਪੂ

ਕਤੀਰਾ ਗੂੰਦ ਖਾ ਕੇ ਹੀ ਗੁਜ਼ਾਰਾ ਕਰਦਾ ਹੈ।

-ਜਦ ਲੱਛੂ ਆਦਿ ਧਰਮੀ ਦੀ ਅੱਲੜ੍ਹ ਕੁੜੀ ਦੇ

ਫਾਟੇ ਝੱਗੇ 'ਚੋਂ ਝਾਕਦੇ ਅੰਗਾਂ ਨੂੰ

ਪਿੰਡ ਦੇ ਕੁਝ ਵਿਹਲੜ ਹਵਸੀ ਨਿਗਾਹਾਂ ਨਾਲ ਤੱਕਦੇ ਨੇ

ਜਦ ਤੂਤ ਦੀਆਂ ਲਗਰਾਂ ਵਾਂਗ ਵਧਦੀਆਂ

ਭੈਣਾਂ ਦੇ ਵਿਆਹਾਂ ਦੀ ਗੱਲ ਕਰਦੀ–ਕਰਦੀ

ਮਾਂ ਗਸ਼ ਖਾ ਕੇ ਡਿੱਗ ਜਾਂਦੀ ਹੈ

ਤਾਂ ਫਿਰ ਜਨਾਬ!

ਅਸੀਂ ਪਾਣੀਆਂ ਦੀਆਂ ਡੂੰਘਾਈਆਂ ਵਿਚ

ਮਛਲੀਆਂ ਬਣਕੇ ਤੈਰਨਾ ਸੋਚਦੇ ਹਾਂ

ਵਗਦਿਆਂ ਝੱਖੜਾਂ ਵਿਚ

ਬਾਜ਼ ਬਣ ਕੇ ਉਡਣਾ ਚਾਹੁੰਦੇ ਹਾਂ

ਪਸਰੇ ਅੰਧਕਾਰ ਨੂੰ

ਦੀਵੇ ਦੀ ਲਾਟ ਬਣਕੇ ਕਾਟ ਕਰਨ ਦੀ ਸੋਚਦੇ ਹਾਂ ਤੇ ਫਿਰ ਸਾਡੇ ਇਕ ਹੱਥ ਵਿਚ ਕਲਮ ਹੁੰਦੀ ਹੈ

ਦੂਜੇ ਤਲਵਾਰ ਫੜਦੇ ਹਾਂ

ਇੰਜ ਇਹ ਸਿਲਸਿਲਾ ਜਾਰੀ ਰਹਿੰਦਾ ਹੈ

ਸ਼ੌਕ ਜੋ ਸਿਰਫ਼ ਸ਼ੌਕ ਨਹੀਂ

ਜ਼ਿੰਦਗੀ ਦਾ ਅੰਗ ਬਣ ਗਏ ਨੇ...।

*

**ਖ਼ੂਬ ਯਾਦ ਆਉਂਦੇ ਨੇ**

ਖ਼ੂਬ ਯਾਦ ਆਉਂਦੇ ਨੇ ਕਵਿਤਾ ਦੇ ਬੋਲ

ਜਦ ਕਾਲਜ ਤੋਂ ਆਣ ਪਿੰਡ ਦੇ ਪਹੇ ਤੇ

ਘਾਹ ਖੋਤਣ ਬਹਿੰਦਾ ਹਾਂ

ਚੰਡਿਆ ਹੋਇਆ ਰੰਬਾ

ਜਦ ਖੱਬਲ ਘਾਹ ਦੀਆਂ ਤਿੜਾਂ 'ਚ ਫਿਰਦਾ ਹੈ

ਪੈਦਾ ਹੁੰਦਾ ਹੈ ਅਜੀਬ ਜਿਹਾ ਸੁਰਤਾਲ

ਤੇ ਸੋਚ ਸਫ਼ਰ ਕਰਦੀ ਹੈ ਸਤਾਰਵੀਂ ਤੋਂ ਵੀਹਵੀਂ ਸਦੀ ਤਕ ਦਾ

ਅਚਾਨਕ ਲਗਨ ਟੁੱਟਦੀ ਹੈ ਜਦ ਪਿੰਡ ਦੇ ਲਾਡਲੇ ਕਾਕੇ

ਕਿਸੇ ਫ਼ਿਲਮੀ ਕਹਾਣੀ ਦੀ ਚਰਚਾ ਕਰਦਿਆਂ

ਤੇ ਘੋਤੇ ਹੋਏ ਘਾਹ ਉੱਪਰ ਵਿਅੰਗਆਤਮਕ ਮੁਸਕਣੀ ਸੁੱਟਦਿਆਂ

ਕੋਲੋਂ ਦੀ ਲੰਘ ਜਾਂਦੇ ਨੇ

ਜਦੋਂ ਬਰਸਾਤਾਂ ਦੇ ਮੌਸਮ ਵਿਚ

ਮੋਢੇ ਤੇ ਕਹੀ ਅਤੇ ਸਿਰ ਉਪਰ ਹਾਂਡੀ ਧਰਕੇ

ਢਹਿ ਰਹੇ ਕੋਠੇ ਦਾ ਇਲਾਜ ਸੋਚਦੇ ਹਾਂ

ਤੇ ਬੁੱਢੀ ਮਾਂ ਦੇ ਨੈਣਾਂ ਵਿਚ ਖ਼ੁਸ਼ ਹੰਝੂ

ਅਤੇ ਹੋਠਾਂ ਉਪਰ ਮੀਲਾਂ 'ਚ ਫੈਲੇ ਬੰਜਰ ਜਿਹੀ ਚੁੱਪ ਤੱਕਦਾ ਹਾਂ

ਤੇ ਜਦੋਂ ਚੁੱਪ ਟੁੱਟਦੀ ਹੈ ਤਾਂ ਮਾਂ ਦੇ ਨੈਣ ਖ਼ੁਸ਼ਕ ਨਹੀਂ ਰਹਿੰਦੇ

ਸਗੋਂ ਉਹ ਧਾਹ ਮਾਰ ਕੇ ਮੇਰੇ ਸੰਗ ਚੰਬੜ ਜਾਂਦੀ ਹੈ

ਜਦ ਗਵਾਂਢੀਆਂ ਦਾ ਨੌਕਰ -

ਰੋਟੀ ਦੀ ਭਾਲ ਵਿਚ ਯੂ.ਪੀ. ਤੋਂ ਪੰਜਾਬ ਆਇਆ 'ਕਸਤੂਰੀ'

ਡੂੰਘੇ ਸਿਆੜ ਕੱਢਦਾ ਹੈ

ਤੇ ਜੁੜ ਜਾਂਦੀ ਹੈ ਯਾਦ

ਦੇਸ਼ ਬੈਠੇ ਵਿਲਕ ਰਹੇ ਬੱਚਿਆਂ ਵੱਲ–

ਪਤੀ ਦੇ ਪੈਸੇ ਉਡੀਕਦੀ ਬਹੂ ਵੱਲ–

ਅਤੇ ਜਦ ਯਾਦ ਟੁੱਟਦੀ ਹੈ

ਤਾਂ ਮੈਂ ਉਸਨੂੰ ਦੇਸ਼ ਦੀ ਪ੍ਰਧਾਨ ਮੰਤਰੀ ਦੇ

ਭਾਸ਼ਨ ਦੀ ਗੱਲ ਦੱਸਦਾ ਹਾਂ

ਜਿਸ ਵਿਚ ਗ਼ਰੀਬੀ ਹਟਾਉਣ ਦਾ ਜ਼ਿਕਰ ਆਉਂਦਾ ਹੈ

ਤੇ ਉਹ– "ਅਜ਼ੀ ਹਮ ਕਾ ਕਰੇਂ ਬਾਬੂ ਭਾਸ਼ਨ ਸੇ ਪੇਟ ਨਾ ਭਰਤਾ"

ਆਖ ਕੇ ਖਿਲੀ ਉਡਾਉਂਦਾ ਹੈ

ਤਦ ਖ਼ੂਬ ਯਾਦ ਆਉਂਦੇ ਨੇ ਕਵਿਤਾ ਦੇ ਬੋਲ...।

*

## ਤੂੰ ਸੋਚਦਿਆਂ ਰਹਿ ਜਾਣਾ

ਧਾਨ ਉਗਾ ਰਹੀ ਭੋਲੀ ਜਿਹੀ ਕੁੜੀਏ
ਤੇਰੀਆਂ ਸੋਚਾਂ ਦੀ ਉਡਾਰੀ ਤਾਂ ਬਹੁਤ ਲੰਬੀ ਹੈ
ਤੇਰੀ ਉਮਰ ਤੋਂ ਵੀ ਕਿਤੇ ਹੀ ਲੰਬੀ
ਤੂੰ ਚਿੱਟੇ ਚੌਲ ਕੀ ਪੁੰਨ ਕਰਨੇ ਨੇ
ਤੀਲਾ–ਤੀਲਾ ਉਗਾਉਣ ਤੋਂ ਲੈ ਕੇ ਸ਼ੈਲਰਾਂ ਤੀਕ ਪੁੱਜਦਿਆਂ
ਤੇਰੇ ਹਿੱਸੇ ਤਾਂ ਇਕ ਮੁੱਠ ਵੀ ਨਹੀਂ ਆਉਣੀ
ਪੈਲੀਆਂ 'ਚ ਕੰਮ ਕਰਦਿਆਂ ਮਾਲਕ ਵਲੋਂ ਕੀਤੀ ਤਾਰੀਫ਼
ਤੇਰੀ ਮਿਹਨਤ ਦੀ ਸੂਚਕ ਨਹੀਂ
ਸਗੋਂ ਤੇਰੀ ਜੁਆਨੀ ਦੀ ਸਲਾਹੁਣਾ ਹੈ
ਜੋ ਖੇਤਾਂ ਤੋਂ ਹਵੇਲੀ ਤੱਕ ਦੇ ਸਫ਼ਰ ਨਾਲ ਹੀ ਮੁੱਕ ਜਾਵੇਗੀ
ਉਂਝ ਵੀ ਪਿਆਰ ਦੇ ਅਰਥ ਏਥੇ
ਮਹਿਜ਼ ਬਕਵਾਸ ਤੋਂ ਵੱਧ ਕੁਝ ਵੀ ਨਹੀਂ

ਸਰਦਾਰਾਂ ਦੀ ਨਵ ਵਿਆਹੀ ਨੂੰਹ ਨੂੰ
ਸਿਲਕੀ ਸਾੜ੍ਹੀਆਂ ਤੇ ਰੰਗ ਬਰੰਗੇ ਸੂਟਾਂ ਨਾਲ ਢਕੀ ਦੇਖ ਕੇ
ਤੂੰ ਸੋਚਿਆ ਤਾਂ ਬਹੁਤ ਵਾਰੀ ਹੋਣੈ
ਕਿ ਨਰਮੇ ਦੇ ਖੇਤ ਨੂੰ ਹੀ ਅੱਗ ਲਾ ਦੇਵਾਂ
ਪਰ ਬੁੱਢੀ ਮਾਂ ਦੀ ਦੁਆਈ ਦਾ ਖ਼ਰਚਾ
ਬਾਪੂ ਦੀ ਦਿਨੋ ਦਿਨ ਘਟ ਰਹੀ ਨਿਗ੍ਹਾ ਲਈ ਐਨਕ ਦੀ ਲੋੜ
ਤੇ ਛੋਟੇ ਵੀਰ ਦੀ ਲੰਬੀ ਉਮਰ ਦੀ ਖਾਹਿਸ਼
ਤੇਰੀਆਂ ਸੋਚਾਂ ਦੇ ਖੰਭ ਝਾੜ ਸੁੱਟੇਗੀ
ਪਿੰਡ ਦੀਆਂ ਹਮ- ਉਮਰ ਕੁੜੀਆਂ ਨੂੰ

ਕਾਲਜ ਵੱਲ ਮਟਕ ਨਾਲ ਤੁਰਦਿਆਂ ਤੱਕ ਕੇ

ਤੇਰੇ ਮਨ 'ਚ ਫੁਰਨਾ ਤਾਂ ਫੁਰਿਆ ਹੋਣੈ

ਕਿ ਜਵਾਨੀ ਕਿਸ ਬਲਾ ਦਾ ਨਾਮ ਹੈ

ਪਰ ਤੇਰੀ ਇਹ ਰੁੱਤ ਤਾਂ–

ਤੇਰੇ ਬਾਬਲ ਦੇ ਕਰਜ਼ੇ ਵਿਚ ਹੀ ਜਮ੍ਹਾਂ ਹੋ ਚੁੱਕੀ ਹੈ

ਜਿਸਨੂੰ ਮਨਫੀ ਕਰਦਿਆਂ

ਖ਼ਬਰੇ ਕਿੰਨੀਆਂ ਪੀੜ੍ਹੀਆਂ ਲੰਘ ਜਾਵਣ

ਤੂੰ ਲੱਖ ਵੇਰ ਸੁਣਾ ਲਈ 'ਚਿੜੀਆਂ ਦੇ ਚੰਬੇ ਵਾਲਾ' ਗੀਤ

ਤੇਰੇ ਬੋਲਾਂ ਨੂੰ ਤਾਂ ਪਿੰਡ ਦੇ ਸ਼ਾਹ ਦੀ ਬਹੀ

ਜਕੜ ਲਵੇਗੀ ਹਰ ਸਾਉਣੀ ਤੇ ਹਾੜ੍ਹੀ ਵਿਚ

ਤੇ ਆਖਰ ਤੈਨੂੰ ਚਿੜੀਆਂ ਵਾਂਗ ਉੱਡਣ ਦੀ ਥਾਂ

ਅਪਾਹਜ਼ ਮੰਗਤੇ ਵਾਂਗ ਧੱਕ ਕੇ ਬਿਠਾ ਦਿੱਤਾ ਜਾਵੇਗਾ ਡੋਲੀ ’ਚ ।

ਭੋਲੀਏ ਕੁੜੀਏ!

ਤੇਰੀਆਂ ਸੋਚਾਂ ਦੀ ਉਡਾਰੀ ਤਾਂ ਬਹੁਤ ਲੰਬੀ ਹੈ

ਤੇਰੀ ਉਮਰ ਤੋਂ ਵੀ ਕਿਤੇ ਹੀ ਲੰਬੀ...।

*

**ਗ਼ਜ਼ਲ**

ਹੋ ਰਿਹਾ ਏ ਵਤਨ ਤਾਂ ਲਹੂ ਲੁਹਾਨ ਦੋਸਤੋ।

ਪੈਦਾ ਆਉ ਬਚਣ ਦਾ ਕਰੀਏ ਸਾਮਾਨ ਦੋਸਤੋ।

ਹਿੱਕੜੀਆਂ ਨੂੰ ਵਰਤਦੇ ਨੇ ਚਾਂਦਮਾਰੀ ਕਰਨ ਲਈ,

ਸ਼ਿਸਤ ਬੰਨ੍ਹ ਕੇ ਸੱਚ ਨੂੰ ਬਿੰਦੂ ਬਨਾਣ ਦੋਸਤੋ।

ਗੰਦਗੀ ਵਿਚ ਜਿਊਣ ਤੋਂ ਕਰਦੇ ਨੇ ਇਨਕਾਰ ਜੋ,

ਘੜ ਕੇ ਇਹ ਕਾਲੇ ਕਾਨੂੰਨ ਜੇਲ੍ਹਾਂ 'ਚ ਪਾਣ ਦੋਸਤੋ।

ਫ਼ਸਲਾਂ ਦੇ ਹੁਸਨ ਦੀ ਤੇ ਕਿਰਤੀ ਦੇ ਜਰਦ ਰੰਗ ਦੀ,

ਨਿੱਤ ਪੀ ਕੇ ਵਿਸਕੀਆਂ ਖਿੱਲੀ ਉਡਾਣ ਦੋਸਤੋ।

ਭੁੱਖਿਆਂ ਦੇ ਕਾਫ਼ਲੇ ਸਿਰ ਉਠਾ ਕੇ ਤੁਰਨ ਜਦ,

'ਸਰਹੱਦਾਂ ਨੂੰ ਖ਼ਤਰੇ' ਦਾ ਬਿਗਲ ਵਜਾਣ ਦੋਸਤੋ।

ਹਰ ਸੁਬ੍ਹਾ ਹਰ ਸ਼ਾਮ ਏਥੇ ਕਤਲ ਹੁੰਦੀ ਜ਼ਿੰਦਗੀ,

ਪਾ ਮਖੌਟੇ ਲਾਲ-ਚਿੱਟੇ ਫਿਰਦੇ ਸ਼ੈਤਾਨ ਦੋਸਤੋ।

ਇੱਜ਼ਤਾਂ ਦਾ ਵਣਜ ਹੁੰਦਾ ਹਰ ਗਲੀ ਹਰ ਮੋੜ 'ਤੇ,

ਇਹ ਵਪਾਰੀ ਜਿਸਮ ਦੇ ਭੱਜੇ ਨਾ ਜਾਣ ਦੋਸਤੋ।

*

**ਗ਼ਜ਼ਲ**

ਤੁਰ ਪਏ ਜਦ ਲੋਕਾਂ ਦੇ ਢਾਣੇ।

ਮੂੰਹ ਸੰਗੀਨਾਂ ਦੇ ਘੁੰਮ ਜਾਣੇ।

ਕਿਰਤੀ ਦੇ ਮੁੜ੍ਹਕੇ ਦੀ ਕੀਮਤ–

ਪਾਉਣ ਨਾ ਕੰਡੀ ਰਾਜੇ ਰਾਣੇ।

ਢਿੱਡੋਂ ਭੁੱਖੇ ਅੰਨਦਾਤੇ ਵੱਲ -

ਬਿਟ ਬਿਟ ਤੱਕਣ ਬੋਹਲ ਦੇ ਦਾਣੇ।

ਤਿੜ ਤਿੜ ਕਰਕੇ ਡਿਗਣੀਆਂ ਕੰਧਾਂ,

ਢਾਰੇ ਜਦ ਮਹਿਲੀਂ ਟਕਰਾਣੇ ।

ਤੋੜ ਕੇ ਸਾਰੀਆਂ ਨਾਕਾ ਬੰਦੀਆਂ–

ਸੀਸ ਤਲੀ ਤੇ ਧਰ ਲੰਘ ਜਾਣੇ।

ਕਲਮਾਂ ਜਦ ਬਣ ਜਾਣ ਕਟਾਰਾਂ–

ਉੱਧੜ ਜਾਂਦੇ ਸਭ ਤਾਣੇ ਬਾਣੇ।

ਤੁਰ ਪਏ ਜਦ ਲੋਕਾਂ ਦੇ ਢਾਣੇ।

ਮੂੰਹ ਸੰਗੀਨਾਂ ਦੇ ਘੁੰਮ ਜਾਣੇ।

*

**ਗ਼ਜ਼ਲ**

ਬੀਤ ਚੁੱਕੇ ਅਮਲ ਦਾ ਕਮਾਲ ਦੇਖਾਂਗੇ।

ਬਿੜਕਾਊ ਜਿਹੜਾ ਸੋਚ ਨੂੰ ਭੂਚਾਲ ਦੇਖਾਂਗੇ।

ਤਲਖ਼ੀਆਂ ਰੰਗੀਨੀਆਂ ਦੀ ਜਕੜ ਪੀਡੀ ਹੋ ਰਹੀ–

ਹੁਣ ਤੋਰ ਦੀ ਰਵਾਨੀ ਦਾ ਹਾਲ ਦੇਖਾਂਗੇ।

ਜ਼ਿੰਦਗੀ ਨੂੰ ਕਿਸ ਤਰ੍ਹਾਂ ਹੈ ਮਾਨਣਾ ਓ ਸੱਜਣਾ–

ਪਾਇਆ ਹੈ ਜਿਹੜਾ ਤੂੰ ਉਹ ਸਵਾਲ ਦੇਖਾਂਗੇ।

ਸ਼ੱਕੀ ਨਿਗਾਹ ਨਾਲ ਦੇਖਦੀ ਹੈ ਜੋ ਸਾਡੇ ਕਿਰਦਾਰ ਨੂੰ

ਉਸ ਬੀਮਾਰ ਸੋਚ ਨੂੰ ਨਿਢਾਲ ਦੇਖਾਂਗੇ।

ਕਿੰਨਾ ਕੁ ਗ਼ਮ ਹੈ ਚੱਖਿਆ, ਕਿੰਨਾ ਕੁ ਹੋਰ ਚੱਖਣਾ,

ਭਵਿੱਖ ਦੇਖਾਂਗੇ ਤੇ ਨਾਲੇ ਭੂਤਕਾਲ ਦੇਖਾਂਗੇ।

*

**ਗ਼ਜ਼ਲ**

ਨੇਰ੍ਹ ਦੀ ਕੁੱਖ ਵਿਚ ਹੈ ਲੁਕਿਆ ਚਾਨਣਾ।

ਸਿਦਕ ਵਾਲਿਆਂ ਨੇ ਹੀ ਇਸਨੂੰ ਮਾਨਣਾ।

ਸੇਧ ਬਿਨਾਂ ਜ਼ਿੰਦਗੀ ਬੇ ਅਰਥ ਹੈ—

ਜਿਊਣ ਲਈ ਪੈਂਦਾ ਹੈ ਰਸਤਾ ਭਾਲਣਾ।

ਨੈਣ ਇਹ ਲੱਗ ਗਏ ਨੇ ਤੇਰੇ ਦਰਸ 'ਤੇ—

ਮੁਸ਼ਕਲ ਬੜਾ ਏ ਹੁਣ ਇਨ੍ਹਾਂ ਨੂੰ ਟਾਲਣਾ।

ਹੱਥਾਂ 'ਚ ਹੱਥਕੜੀ ਤੇ ਪੈਰਾਂ ਵਿਚ ਬੇੜੀਆਂ–

ਤੂੰ ਕੀ ਸਾਡੀ ਤੋਰ ਨੂੰ ਏ ਪਹਿਚਾਨਣਾ।

ਸਿਰਜ ਕੇ ਹੀ ਦਮ ਲਵਾਂਗੇ ਅੰਤ ਨੂੰ–

ਬਿਜਲੀਆਂ ਲੱਖ ਵੇਰ ਫੂਕਣ ਆਲ੍ਹਣਾ।

*

**ਰਵਿੰਦਰ ਸਹਿਰਾਅ ਦੀ ਕਵਿਤਾ ਪੜ੍ਹਦਿਆਂ**

**-ਸੁਤਿੰਦਰ ਸਿੰਘ ਨੂਰ**

ਰਵਿੰਦਰ ਸਹਿਰਾਅ ਦੀ 'ਅੱਖਰਾਂ ਦੀ ਲੋਅ' ਬਾਰੇ ਚਰਚਾ ਕਰਦਿਆਂ ਇਨ੍ਹਾਂ ਗੱਲਾਂ ਨੂੰ ਦੋ ਹਿੱਸਿਆਂ ਵਿਚ ਵੰਡਣਾ ਜਾਇਜ਼ ਲੱਗਦਾ ਹੈ। ਡਾ. ਗੁਰਮੇਲ ਸਿੱਧੂ ਦੀ ਲਿਖੀ ਭੂਮਿਕਾ ਅਤੇ 'ਅੱਖਰਾਂ ਦੀ ਲੋਅ' ਦੀ ਕਵਿਤਾ, ਕਿਉਂਕਿ ਡਾ. ਗੁਰਮੇਲ ਨੇ ਕਵਿਤਾ ਅਤੇ ਪੰਜਾਬੀ ਕਵਿਤਾ ਬਾਰੇ ਕੁਝ ਮਹੱਤਵਪੂਰਨ ਗੱਲਾਂ ਆਖਦਿਆਂ ਰਵਿੰਦਰ ਸਹਿਰਾਅ ਦੀ ਕਵਿਤਾ ਨੂੰ ਤਲਾਸ਼ਿਆ ਹੈ। ਭਾਵੇਂ ਉਹ ਅਜੋਕੀ ਕਵਿਤਾ ਬਾਰੇ ਇਸ ਸਿੱਟੇ 'ਤੇ ਪਹੁੰਚਿਆ ਹੈ।

“ਕਵਿਤਾ ਜੋ ਕਦੇ ਅਵੱਲ ਨੰਬਰ ਦੀ ਵਿਧਾ ਹੋਇਆ ਕਰਦੀ ਸੀ। ਅੱਜ ਆਪਣਾ ਰੁਤਬਾ ਗੁਆ ਬੈਠੀ ਹੈ। ਇਸ ਕਾਰਣ ਕਵਿਤਾ ਦੇ ਨਾਂ ਹੇਠ ਲਿਖੀ ਜਾ ਰਹੀ ਊਟ ਪਟਾਂਗ ਅਖੌਤੀ ਕਵਿਤਾ ਵਰਗੀ ਵਾਰਤਕ ਹੈ। ਇਹ ਨਾ ਤਾਂ ਕੋਈ ਉਤੇਜਨਾ ਪੈਦਾ ਕਰਦੀ ਹੈ ਅਤੇ ਨਾ ਹੀ ਇਸਦਾ ਕੋਈ ਸਮਾਜਕ ਮਹੱਤਵ ਰਹਿ ਗਿਆ ਹੈ।”

ਪਰ ਇਸ ਗੱਲ 'ਤੇ ਪਹੁੰਚਣ ਤੋਂ ਪਹਿਲਾਂ ਇਹ ਭੂਮਿਕਾ ਕੁਝ ਹੋਰ ਗੱਲਾਂ 'ਚੋਂ ਲੰਘਦੀ ਹੈ। ਇਨ੍ਹਾਂ ਵਿਚ ਜੋ ਗੱਲਾਂ ਧਿਆਨ ਦੇਣ ਯੋਗ ਗੱਲਾਂ ਹਨ:–

1. ਭਾਵਾਂ ਦੇ ਬਿਰਤਾਂਤ ਦੀ ਕਵਿਤਾ ਜਿਸ ਵਿਚ ਭਾਵ ਇਕ ਕਹਾਣੀ ਕਥਾ ਦੇ ਰੂਪ ਵਿਚ ਲੌਕਿਕ ਅਤੇ ਵਿਹਾਰਕ ਭਾਸ਼ਾ ਰਾਹੀਂ ਵਿਅਕਤ ਹੁੰਦੇ ਹਨ। ਇਹ ਬਿਰਤਾਂਤਕ ਵਿਧੀ ਅੱਜ ਦੀ ਬਹੁਤੀ ਕਵਿਤਾ ਵਿਚ ਪਰਵੇਸ਼ ਕਰ ਚੁੱਕੀ ਹੈ।

2. ਪੰਜਾਬ ਦੀ ਮੁੱਢਲੀ ਪ੍ਰਗਤੀਵਾਦੀ ਕਵਿਤਾ ਤੇ ਪੰਜਾਬ ਵਿਚ ਉਸ ਵੇਲੇ ਦੀ ਸਥਿਤੀ ਪ੍ਰਗਤੀਵਾਦੀ ਵਿਚਾਰਧਾਰਾ ਦੇ ਅਨੁਕੂਲ ਨਹੀਂ ਸਨ।

ਵੀਹਵੀਂ ਸਦੀ ਦੇ ਸੱਤਵੇਂ ਦਹਾਕੇ ਦੇ ਪਿਛਲੇ ਅੱਧ ਤੋਂ ਜੋ ਕ੍ਰਾਂਤੀਕਾਰੀ ਕਵਿਤਾ ਸਾਹਮਣੇ ਆਈ ਕਵਿਤਾ ਵਧੇਰੇ ਅਨੁਭਵ ਦੀ ਕਵਿਤਾ ਹੈ, ਜਿਸਦੀ ਕਟਾਖ਼ਸ਼ੀ ਭਾਸ਼ਾ ਦੀ ਵਰਤੋਂ ਪ੍ਰਭਾਵਤ ਕਰਦੀ ਹੈ।

ਗੁਰੂਮੇਲ ਇਸ ਪਰਿਪੇਖ ਵਿਚ ਰਵਿੰਦਰ ਸਹਿਰਾਅ ਦੀ ਕਵਿਤਾ ਨੂੰ ਦੇਖਦਿਆਂ ਇਸ ਦੇ ਵਿਸ਼ੇ–ਚੇਤਨਾ ਨੂੰ ਪਹਿਚਾਣਦਾ ਹੈ ਤੇ ਰੂਪ ਪੱਖੋਂ ਉਸ ਨੂੰ ਕਮਜ਼ੋਰ ਆਖਦਾ ਹੈ। ਇਸ ਵਿਚਲੇ ਰੁਮਾਂਸ ਨੂੰ ਵੀ ਪਹਿਚਾਣਦਾ ਹੈ। ਕਈ ਹੋਰ ਛੋਟੇ ਛੋਟੇ ਪੱਖਾਂ ਵੱਲ ਸੰਕੇਤ ਕਰਦਾ ਹੈ ਤੇ ਰਵਿੰਦਰ ਸਹਿਰਾਅ ਦੀ ਕਵਿਤਾ ਦਾ ਜਾਇਜ਼ਾ ਲੈਂਦਿਆਂ ਇਸ ਦੌਰ ਦੀ ਬਾਕੀ ਕਵਿਤਾ ਦਾ ਵੀ ਗੰਭੀਰ ਜਾਇਜ਼ਾ ਲੈ ਜਾਂਦਾ ਹੈ।

ਰਵਿੰਦਰ ਸਹਿਰਾਅ ਦੀ ਭਾਵੇਂ ਪਿਛਲੀ ਪੁਸਤਕ 'ਰਿਸ਼ਤਾ ਸ਼ਬਦ ਸਲੀਬਾਂ ਦਾ' ਵਿਚ ਹੀ ਪਿਆਰ ਕਵਿਤਾ ਧਿਆਨ ਖਿੱਚਣ ਲੱਗੀ ਸੀ, ਪਰ 'ਅੱਖਰਾਂ ਦੀ ਲੋਅ' ਵਿਚ ਪਿਆਰ ਕਵਿਤਾ ਪ੍ਰਥਮਤਾ ਹੀ ਪ੍ਰਾਪਤ ਨਹੀਂ ਕਰਦੀ, ਕਾਵਿ ਯੋਗਤਾ ਵੀ ਇਸ ਕਾਵਿ ਵਿਚ ਵਧੇਰੇ ਉਘੜਦੀ ਹੈ। ਅਲੰਕਾਰ ਆਪ ਮੁਹਾਰੇ ਉਦੈ ਹੋਣ ਲਗਦੇ ਹਨ:–

ਉਹ ਛਿਣ
ਜਦ ਤੂੰ ਮੇਰੇ ਕੋਲ ਹੋਵੇਂ

ਮੈਂ ਆਪਣੇ ਆਪ ਹੀ

ਗੁਆਚ ਜਾਵਾਂ ਕਿਧਰੇ

ਜਿਉਂ ਮੱਛੀਆਂ ਸਮੁੰਦਰ 'ਚ

ਉਹ ਛਿਣ

ਜਦ ਮੈਂ ਤੇਰਾ ਖ਼ਤ ਪੜ੍ਹਾ

ਮਨ ਉੱਡਣ ਲੱਗੇ

ਤਿੱਤਲੀਆਂ ਦੀ ਤਰ੍ਹਾਂ

ਤੇ ਚਹਿਕੇ ਚਿੜੀਆਂ ਦੇ ਵਾਂਗ

ਜਿੱਥੇ ਅਜਿਹੇ ਅਲੰਕਾਰ ਸ਼ਵੀ ਵੀ ਉਦੋਂ ਹੁੰਦੇ, ਉਥੇ ਵੀ ਉਹ ਪਿਆਰ ਕਵਿਤਾ ਨਾਲ ਜੁੜਦਿਆਂ ਵੱਧ ਕਾਵਿਕ ਹੁੰਦਾ ਹੈ, ਸੌਂਦਰਯ ਦੀ ਪ੍ਰਤੀਤੀ ਵਿਚ ਹੁੰਦਾ ਹੈ। ਅਜਿਹਾ ਕਵਿਤਾ ਮੁਹੱਬਤ ਦਾ ਭਾਵਾਤਮਕ ਸੰਚਾਰ ਕਰਦੀ ਹੈ ਤੇ ਵਿਧੀ ਦੀ ਦ੍ਰਿਸ਼ਟੀ ਤੋਂ ਕੇਵਲ ਰੁਮਾਂਟਿਕ ਵਲਗਣ ਵਿਚ ਨਹੀਂ ਹੁੰਦੀ:–

ਉਸ ਕਿਹਾ

ਕਿਵੇਂ ਰਿਹਾ ਸਫ਼ਰ?

...ਬਹੁਤ ਖ਼ੂਬਸੂਰਤ

ਕੋਈ ਅਭੁੱਲ ਯਾਦ

ਹਾਂ...

ਬੱਦਲ ਦਾ ਇਕ ਟੋਟਾ

ਉੱਡ ਰਿਹਾ ਸੀ ਨਾਲ ਨਾਲ

ਅਚਾਨਕ ਕੋਲ ਆਇਆ

ਤਾਂ ਮੈਂ....

ਉਸ ਉੱਪਰ ਤੇਰਾ ਨਾਂਅ ਲਿਖ ਦਿੱਤਾ

ਉਹ ਅਜਿਹੀ ਪਿਆਰ ਕਵਿਤਾ ਦੀ ਕੋਮਲਤਾ ਨੂੰ ਪਹਿਚਾਣਦਾ ਹੈ। ਇਸ ਵਿਚ ਹੀ ਅਜਿਹੀ ਕਵਿਤਾ ਦੀ ਪ੍ਰਗੀਤਕਤਾ ਲੁਕੀ ਹੁੰਦੀ ਹੈ, ਇਸ ਪ੍ਰਗੀਤਕਤਾ ਲਈ ਕੋਈ ਗੀਤ ਬਨਣਾ ਜ਼ਰੂਰੀ ਨਹੀਂ ਹੁੰਦਾ। ਇਹ ਅੰਦਾਜ਼ ਕਾਵਿ-ਭਾਸ਼ਾ ਦੀ ਵੀ ਸਿਰਜਣਾ ਕਰ ਲੈਂਦਾ ਹੈ ਤੇ ਖੁੱਲ੍ਹੀ ਕਵਿਤਾ ਇਸ ਅੰਦਾਜ਼ ਤੇ ਕਾਵਿ ਭਾਸ਼ਾ ਨਾਲ ਗੱਦਮਈ ਹੋਣੋਂ ਵੀ ਬਚਦੀ ਹੈ।

ਇਸ ਦੇ ਨਾਲ ਹੀ ਇਸ ਸੰਗ੍ਰਹਿ ਵਿਚ ਰਵਿੰਦਰ ਸਹਿਰਾਅ ਦੀਆਂ ਉਹ ਕਵਿਤਾਵਾਂ ਹਨ, ਜੋ ਪ੍ਰਗਤੀਵਾਦ ਜਾਂ ਜੁਝਾਰੂ ਪ੍ਰਭਾਵਾਂ ਨਾਲ ਸੰਬੰਧਤ ਹਨ, ਪਰ ਇਨ੍ਹਾਂ ਕਵਿਤਾਵਾਂ ਵਿਚ ਉਹ ਅਜਿਹੀ ਕਾਵਿਕਤਾ ਤੋਂ ਉਰ੍ਹਾਂ ਰਹਿੰਦਾ ਹੈ, ਇਸ ਕਵਿਤਾ ਦੀ ਇਕ ਬਣੀ ਬਣਾਈ ਭਾਸ਼ਾ ਹੈ, ਜੋ ਪਹਿਲਾਂ ਹੀ ਉਸ ਕੋਲ ਸੀ, ਪੰਜਾਬੀ ਦੀ ਇਸ ਅੰਦਾਜ਼ ਵਿਚ ਲਿਖੀ ਹੋਰ ਬੇਸ਼ੁਮਾਰ ਕਵਿਤਾ ਕੋਲ ਹੈ. ਇਸ ਕੋਲ ਨਵੀਨਤਾ ਦੀ ਕੋਈ ਗੰਜਾਇਸ਼ ਨਹੀਂ, ਇਕ ਨਿਸ਼ਚਤਾ ਹੈ, ਜੋ ਪਾਠਕ ਕਵਿਤਾ ਦੀਆਂ ਦੋ ਚਾਰ ਸਤਰਾਂ ਪੜ੍ਹਕੇ ਹੀ ਪਛਾਣ ਲੈਂਦਾ ਹੈ। ਅਜਿਹੇ ਕਾਵਿ ਵਿਚ ਗੱਦ ਦਾ ਅੰਦਾਜ਼ ਵੀ ਵਧ ਜਾਂਦਾ ਹੈ ਤੇ ਕਾਵਿਕ-ਦਿਸ਼ਟੀ ਤੋਂ ਇਕ ਖੜੋਤ ਵੀ ਆ ਜਾਂਦੀ ਹੈ। ਅਸੀਂ ਅਜਿਹੀ ਕਵਿਤਾ ਨੂੰ ਹੋਰ ਪ੍ਰਗਤੀਵਾਦੀ ਤੇ ਜੁਝਾਰੂ ਕਵੀਆਂ ਦੀ ਕਵਿਤਾ ਨਾਲ ਤੋਲਣ ਲੱਗਦੇ ਹਾਂ ਤੇ ਕਈ ਕਵੀ ਸਾਨੂੰ ਉਸ ਤੋਂ ਵੱਧ ਪ੍ਰਭਾਵਸ਼ਾਲੀ ਲੱਗਦੇ ਹਨ।

ਉਦਾਹਰਣ ਦੇ ਤੌਰ 'ਤੇ ਉਸਦੀ ਕਵਿਤਾ ਹੈ:

ਗਲੋਬ ਤੇ ਉੱਕਰੇ
ਨਿੱਕੇ ਨਿੱਕੇ ਮੁਲਕ
ਅਜ ਕਲ੍ਹ ਉਸਦੇ ਸੁਪਨਿਆਂ 'ਚ ਆ ਕੇ
ਉਸ ਦੀ ਮਹਾਂ ਸ਼ਕਤੀ ਨੂੰ
ਵੰਗਾਰ ਰਹੇ ਹਨ

ਇਸ ਕਵਿਤਾ ਦੀਆਂ ਇਨ੍ਹਾਂ ਸਤਰਾਂ ਨੂੰ ਜੇ ਗੱਦ ਦੇ ਇਕ ਵਾਕ ਵਿਚ ਲਿਖ ਲਈਏ ਤਾਂ ਕੋਈ ਫ਼ਰਕ ਨਹੀਂ ਪੈਂਦਾ:-

ਗਲੋਬ ਤੇ ਉਕਰੇ ਨਿੱਕੇ ਨਿੱਕੇ ਮੁਲਕ ਅਜ ਕੱਲ੍ਹ ਉਸਦੇ ਸੁਪਨਿਆਂ 'ਚ ਆ ਕੇ ਉਸਦੀ ਮਹਾਂ ਸ਼ਕਤੀ ਨੂੰ ਵੰਗਾਰ ਰਹੇ ਹਨ

ਵਾਰਤਕ ਬਣ ਗਏ ਇਸ ਵਾਕ ਵਿਚ ਕਵਿਤਾ ਦਾ ਅੰਦਾਜ਼ ਜਾਂ ਭਾਸ਼ਾ ਦਾ ਉਦੈ ਨਹੀਂ ਹੋਇਆ। ਇਹ ਉਸ ਦੀ ਪਿਆਰ ਕਵਿਤਾ ਵਿਚ ਸਹਿਜੇ ਹੀ ਹੋਇਆ ਸੀ। ਇਸ ਕਵਿਤਾ ਦੀ ਕਾਵਿ–ਵਿਧੀ ਦੀ ਇਕ ਤੁਲਨਾ ਉਸ ਕਵਿਤਾ ਨਾਲ ਸਹਿਜੇ ਹੀ ਜਾਗ ਪੈਂਦੀ ਹੈ। ਅਜਿਹੀ ਸਥਿਤੀ ਉਸਦੀਆਂ ਕਈ ਹੋਰ ਕਵਿਤਾਵਾਂ ਵਿਚ ਵੀ ਹੈ। ਉਦਾਹਰਣ ਦੇ ਤੌਰ

'ਤੇ ਇਹ ਕਵਿਤਾ:

ਗਰਮੀਆਂ ਦੇ ਦਿਨਾਂ 'ਚ
ਤਕਰੀਬਨ ਹਰ ਵੀਕ ਐਂਡ 'ਤੇ
ਆਮ ਹੀ ਦੇਖਣ ਨੂੰ ਮਿਲੇਗੀ
ਗਲੀ ਮੁਹੱਲਿਆਂ ਦੇ ਮੋੜਾਂ ਤੇ
ਬਿਜਲੀ ਦੇ ਖੰਭਿਆਂ 'ਤੇ
ਟੰਗੀ ਹੋਈ ਯਾਰਡ ਸੇਲ ਦੀ ਤਖ਼ਤੀ

ਇਨ੍ਹਾਂ ਕਵਿਤਾਵਾਂ ਵਿਚ ਇਕ ਸਮਾਜਕ ਯਥਾਰਥ ਦਾ ਬਿੰਬ ਤੇ ਕਟਾਖਸ਼ ਉਘੜਦੇ ਹਨ। ਪੂੰਜੀਵਾਦ ਜਾਂ ਵਿਕਸਿਤ ਪੂੰਜੀਵਾਦ ਦੀ ਨੀਰਸਤਾ, ਖੋਖਲਾਪਣ ਤੇ ਰਾਜਨੀਤਕ ਵਲ ਛਲ ਉਘੜਦੇ ਹਨ। ਵਿਚਾਰਧਾਰਕ ਦ੍ਰਿਸ਼ਟੀ ਉਘਾੜਦੀ ਹੈ, ਜੋ ਉਸਦੇ ਸੱਚ ਦੀ ਲਖਾਇਕ ਹੈ, ਪਰ ਇਨ੍ਹਾਂ ਕਵਿਤਾਵਾਂ ਦਾ ਰੋਹ ਉਸ ਕਾਵਿ–ਸੌਂਦਰਯ ਦਾ ਪ੍ਰਭਾਵ ਕਾਇਮ ਨਹੀਂ ਕਰਦਾ, ਜੋ ਉਸ ਦੀਆਂ ਕੁਝ ਪਿਆਰ ਕਵਿਤਾਵਾਂ ਕਰਦੀਆਂ ਹਨ, ਇਸੇ ਲਈ ਕਾਵਿ–ਦ੍ਰਿਸ਼ਟੀ ਤੇ ਇਸ ਸੰਗ੍ਰਹਿ ਵਿਚ ਉਹ ਪ੍ਰਥਮਤਾ ਪ੍ਰਾਪਤ ਕਰਦੀਆਂ ਹਨ।

ਇਨ੍ਹਾਂ ਪਿਆਰ ਕਵਿਤਾਵਾਂ ਵਿਚ ਵੀ ਤੇ ਕੋਈ ਹੋਰ ਕਵਿਤਾਵਾਂ ਵਿਚ ਵੀ ਔਰਤ ਉਸਦੀ ਕਵਿਤਾ ਦੀ ਮੂਲ ਇਕਾਈ ਜਾਂ ਇਕ ਕੇਂਦਰੀ ਚਿਹਨ ਹੈ। ਇਹ ਕਵਿਤਾਵਾਂ ਸਾਡੇ ਧਿਆਨ ਦਾ ਵਿਸ਼ੇਸ਼ ਕੇਂਦਰ ਬਣਦੀਆਂ ਹਨ। ਕੁਝ ਕਵਿਤਾਵਾਂ ਦਾ ਜ਼ਿਕਰ ਕਰਨਾ ਜਾਇਜ਼ ਹੈ। 'ਕੁੜੀ, ਕਿਤਾਬ ਤੇ ਮੈਂ' ਵਿਚ:–

ਉਡ ਰਿਹਾ ਏ ਜਹਾਜ਼
ਅੱਧ ਅਸਮਾਨੀਂ
ਨਾਲ ਦੀ ਸੀਟ ਤੇ ਬੈਠੀ ਕੁੜੀ

ਬੇਧਿਆਨੀ

ਪੜ੍ਹ ਰਹੀ ਏ ਕਿਤਾਬ

ਲੇਕ, ਮਿਸ਼ੀਗਨ ਤੇ ਮੋਹਨਜੀਤ ਦੀ ਨਜ਼ਮ ਵਿਚ ਕੇਂਦਰ ਲੇਕ, ਮਿਸ਼ੀਗਨ ਤੇ ਸੈਰ ਕਰਦੀ ਛੈਲ ਜਿਹੀ ਕੁੜੀ:-

ਜਿਵੇਂ ਅਚਾਨਕ ਸਾਥੋਂ

ਉਸ ਛੈਲ ਜਿਹੀ ਕੁੜੀ ਨੂੰ

ਕੁਝ ਕਹਿ ਹੋ ਗਿਆ ਹੋਵੇ,

'ਮੌਜ਼ ਅੰਦਰ ਇਕ ਔਰਤ' ਵਿਚ ਇਕ ਵੱਖਰੇ ਯਥਾਰਥ ਨਾਲ ਸੰਬੰਧਤ ਔਰਤ:-

ਇਹ ਜੋ ਔਰਤ ਹੁਣੇ ਹੁਣੇ

ਸ਼ਾਪਿੰਗ ਮਾਲ ਅੰਦਰ ਵੜੀ ਹੈ

ਖ਼ਬਰੇ ਕਿਹੜੀ ਕਾਹਲ ਵਿਚ ਹੈ

ਸਕੇਟਿੰਗ ਕਰਦੀਆਂ ਕੁੜੀਆਂ ਵਿਚ ਨੰਨੀਆਂ ਭੋਲੀਆਂ ਕੁੜੀਆਂ ਦਾ ਬਿੰਬ:-

ਇਹ ਨਿੱਕੀਆਂ ਨਿੱਕੀਆਂ ਕੁੜੀਆਂ

ਅਜੇ ਬੇਫ਼ਿਕਰ ਹਨ

ਵੱਡਿਆਂ ਵੱਡਿਆਂ ਫ਼ਿਕਰਾਂ ਤੋਂ

ਕਵਿਤਾ 'ਸੋਨਾ ਚਾਂਦੀ' ਵਿਚ ਲਾਲ ਭਾਅ ਮਾਰਦੇ ਵਸਤਰ ਪਹਿਨੀ ਔਰਤ ਦਾ ਬਿੰਬ:

ਉਹ ਜਦੋਂ ਵੀ

ਲਾਲ ਭਾਅ ਮਾਰਦੇ

ਵਸਤਰ ਪਹਿਨਦੀ ਹੈ

ਤਾਂ ਮੈਨੂੰ

ਚਾਂਦੀ ਦੇ ਵਰਕ ਉਪਰ

ਤੁਰੀ ਜਾਂਦੀ ਚੀਚ ਵਹੁਟੀ ਲਗਦੀ ਹੈ ਹੈ

ਡੋਂਗ ਵਾਕ ਬਾਗ਼ ਵਿਚ ਓਰੀਐਟਲ ਕੁੜੀ ਦੀ ਤਲਾਸ਼:

ਬੜੇ ਦਿਨਾਂ ਤੋਂ

ਦੇਖੀ ਨਹੀਂ ਉਹ

ਦਸ ਬਾਰਾਂ ਸਾਲਾਂ ਦੀ ਉਰੀਐਂਟਲ ਕੁੜੀ

'ਮੱਝਾਂ ਚਾਰਦੀ ਕੁੜੀ' ਵਿਚ ਉਸਦੀ ਸਿਮਰਤੀ ਵਿਚ ਮੱਝਾਂ ਨੂੰ ਪੁਚਕਾਰਦੀ ਛਿਛਕਾਰਦੀ ਕੁੜੀ ਦੇ ਬਿੰਬ ਜਾਪਦੇ ਹਨ। ਇਉਂ ਔਰਤ ਵਿਵਿਧ ਰੂਪ ਵਿਚ ਉਸਦੀ ਕਵਿਤਾ ਦੇ ਕੇਂਦਰ ਵਿਚ ਹੈ, ਪਰ ਔਤਰ ਦਾ ਚਿਹਨ ਕੇਵਲ ਰਮਾਂਟਿਕ ਨਹੀਂ, ਇਸਦੇ ਚਿਹਨਕੀ ਪਾਸਾਰ ਯਥਾਰਥ ਦੀਆਂ ਵਿਵਿਧ ਪਰਤਾਂ ਦਾ ਸੰਕੇਤ ਕਰਦੇ ਹਨ ਤੇ ਉਸਦੀਆਂ ਇਹ ਕਵਿਤਾਵਾਂ ਵੀ ਸਿੱਧ ਪੱਧਰੀਆਂ ਵਿਚਾਰਧਾਰਕ ਕਵਿਤਾਵਾਂ ਨਾਲੋਂ ਵੱਧ ਪ੍ਰਭਾਵਸ਼ਾਲੀ ਜਾਪਦੀਆਂ ਹਨ।

ਡਾ. ਗੁਰੂਮੇਲ ਨੇ ਉਸਦੀ ਕਵਿਤਾ ਦੀ ਬਿਰਤਾਂਤ ਵਿਧੀ ਵੱਲ ਖਾਸ ਸੰਕੇਤ ਕੀਤਾ ਹੈ ਤੇ ਬਿਰਤਾਂਤ ਨੂੰ ਕਿੱਸੇ ਦੀ ਵਿਧਾ ਨਾਲ ਖ਼ਾਸ ਤੌਰ 'ਤੇ ਜੋੜਿਆ ਹੈ, ਜਾਂ ਬਿਰਤਾਂਤ ਗਲਪ, ਲੋਕ ਕਹਾਣੀ ਤੇ ਅਜਿਹੀਆਂ ਵਿਧਾਵਾਂ ਵਿਚ ਵੀ ਕਈ ਵਿਧੀਆਂ ਲੈ ਕੇ ਆਉਂਦਾ ਹੈ। ਸਹਿਰਾਅ ਆਪਣੀਆਂ ਬਹੁਤ ਸਾਰੀਆਂ ਕਵਿਤਾਵਾਂ ਵਿਚ ਬਿਰਤਾਂਤ ਦੀ ਇਸ ਵਿਧੀ ਨੂੰ ਕਾਇਮ ਕਰਦਾ ਹੈ। ਕਈ ਕਵਿਤਾਵਾਂ ਤਾਂ ਕਹਾਣੀ ਵਾਂਗ ਹੀ ਸਾਡੇ ਸਾਹਮਣੇ ਫੈਲਦੀਆਂ ਹਨ। ਕਈ ਵਾਰ ਉਸੇ ਵਿਧੀ ਵਿਚ ਅਤੀਤ ਕਾਲ ਦੀ ਕਿਰਿਆ ਨਾਲ ਜੁੜਦਿਆਂ ਉਹ ਸਾਨੂੰ ਕੁਝ ਸੁਣਾਉਣ ਲਗਦਾ ਹੈ:–

ਸੁਪਨਾ ਜੋ ਉਨ੍ਹਾਂ ਨੇ

ਅੱਖੀਆਂ ਵਿਚ ਸਜਾ ਰੱਖਿਆ ਸੀ

ਉਸ ਨੂੰ ਸਾਕਾਰ ਦੇਖਣ ਦਾ

ਦਿਲ ਵਿਚ ਅਥਾਹ ਚਾਅ ਸੀ

ਬਿਰਤਾਂਤ ਦੀ ਇਹ ਵਿਧੀ ਕਵਿਤਾ ਨੂੰ ਸਪੱਸ਼ਟ ਤੇ ਸਰਲ ਬਣਾਉਂਦੀ ਹੈ। ਕਈ ਵਾਰ ਕਵੀ ਨੂੰ ਸੰਚਾਰ ਦੀ ਇਸ ਵਿਧੀ ਨਾਲ ਮੌਹ ਹੋ ਜਾਂਦਾ ਹੈ। ਸਹਿਰਾਅ ਨੂੰ ਵੀ ਇਸ ਵਿਧੀ ਨਾਲ ਕਾਫ਼ੀ ਮੋਹ ਹੈ, ਪਰ ਜਿਨ੍ਹਾਂ ਕਵਿਤਾਵਾਂ ਨੂੰ ਮੈਂ ਉਸਦੀਆਂ ਪਿਆਰ–ਕਵਿਤਾਵਾਂ ਆਖਿਆ ਹੈ, ਉਨ੍ਹਾਂ ਵਿਚ ਇਹ ਬਿਰਤਾਂਤ–ਵਿਧੀ ਸਭ ਤੋਂ ਘੱਟ ਹੈ। ਭਾਵਾਂ ਦਾ ਨਿੱਘਾ ਗਟਾਅ ਹੈ, ਉਹ ਕਵਿਤਾਵਾਂ ਸੰਜਮ ਨਾਲ ਤੁਰਦੀਆਂ ਹਨ। ਹੋਰ ਬਿਰਤਾਂਤ ਵਾਲੀਆਂ ਕਵਿਤਾਵਾਂ ਵਾਧੂ ਵਿਸਥਾਰ ਨਾਲ ਜੁੜ ਜਾਂਦੀਆਂ ਹਨ, ਕਿਉਂਕਿ ਬਿਰਤਾਂਤ ਵਿਚ ਅਜਿਹੇ ਵਿਸਥਾਰ ਦੀ ਸੰਭਾਵਨਾ ਬਣੀ ਰਹਿੰਦੀ ਹੈ।

ਸਹਿਰਾਅ ਦੀਆਂ ਇਹ ਕਵਿਤਾਵਾਂ ਪੜ੍ਹਦਿਆਂ ਉਸਦੇ ਇਕ ਪੱਖ ਵੱਲ ਹੋਰ ਵਿਸ਼ੇਸ਼ ਧਿਆਨ ਜਾਂਦਾ ਹੈ। ਜਦੋਂ ਉਹ ਵਿਕਸਤ ਪੂੰਜੀਵਾਦ ਜਾਂ ਉਥੋਂ ਯਥਾਰਥ ਦੀ ਨੀਰਸਤਾ ਜਾਂ ਕੁੜੱਤਣ ਦੇ ਸਾਹਵੇਂ ਹੁੰਦਾ ਹੈ ਪਰ ਉਹ ਆਮ ਤੌਰ 'ਤੇ ਅਤੀਤ ਵਿਚ ਆਪਣੀ ਠਾਹਰ ਕਾਇਮ ਕਰਦਾ ਹੈ:

ਸ਼ਹਿਰ ਜਿੱਥੇ ਉਸਦਾ ਬਸੇਰਾ ਸੀ
ਬੜਾ ਹੀ ਮੋਹ ਸੀ ਉਸ ਨਾਲ
ਤਾਹੀਉਂ ਤਾਂ ਉਸਨੇ
ਕੁਝ ਤਾਅਨੇ ਮਿਹਣਿਆਂ ਦੇ ਨਾਲ
ਇਕ ਨਜ਼ਮ ਵੀ ਲਿਖੀ ਸੀ
ਉਸ ਸ਼ਹਿਰ ਦੇ ਨਾਮ
ਕਿੰਨੀਆਂ ਮਹਿਫ਼ਲਾਂ ਜੁੜਦੀਆਂ ਸਨ
ਇਸ ਸ਼ਹਿਰ ਅੰਦਰ...

'ਰਾਮੂ ਰਾਮਪੁਰੀਆ' 'ਮੱਝਾਂ ਚਾਰਦੀ ਕੁੜੀ' ਅਜਿਹੀਆਂ ਕਵਿਤਾਵਾਂ ਹੀ ਹਨ।

ਉਸ ਦੀਆਂ ਯਥਾਰਥ ਵਾਲੀਆਂ ਕਵਿਤਾਵਾਂ ਦੇ ਦਰਮਿਆਨ ਇਹ ਕਵਿਤਾਵਾਂ ਇਕ ਰੋਮਾਨੀ–ਦ੍ਰਿਸ਼ਟੀ ਨੂੰ ਕਾਇਮ ਕਰਦੀਆਂ ਹਨ।

ਜਦੋਂ ਉਸ ਵਿਕਸਿਤ ਪੂੰਜੀਵਾਦ ਦੇ ਰੌਲੇ ਗੋਲੇ ਵਿਚ ਉਸਦੀ ਕਵਿਤਾ ਗੁਆਚਦੀ' ਹੈ ਤਾਂ ਉਸ ਦਾ ਪੁਨਰ ਜਨਮ 'ਪਹਿਲੀ ਮੁਹੱਬਤ ਵਰਗੀ ਗੋਰੀ ਨਦੀ ਦੇ ਅਨੁਭਵ 'ਚੋਂ ਹੁੰਦਾ ਹੈ:–

ਕੰਜਕ ਕੁਆਰੀ ਜਿਹੀ

ਪਹਿਲੀ ਮੁਹੱਬਤ ਵਰਗੀ

ਗੋਰੀ ਨਦੀ ਜਿਹੀ

ਗੁੜ ਦੀ ਡਲੀ ਜਿਹੀ

ਨਜ਼ਮ ਉਸਦੇ ਸਾਹਵੇਂ ਖਲੋਤੀ ਸੀ

ਉਹ ਖੁਸ਼ ਸੀ

ਅੱਜ ਉਸਦੀ ਨਜ਼ਮ ਦਾ

ਪੁਨਰ ਜਨਮ ਹੋਇਆ ਸੀ

ਉਸਦੀ ਕਵਿਤਾ ਦੇ ਇਸ 'ਪੁਨਰ ਜਨਮ' ਨੂੰ ਕਿਸੇ ਇਕਹਿਰੀ-ਦ੍ਰਿਸ਼ਟੀ ਨਾਲ ਦੇਖਣਾ ਵਾਜਿਬ ਨਹੀਂ ਹੋਵੇਗਾ, ਉਸਦੀ ਕਵਿਤਾ ਵਿਚਲੀ ਸਮਾਨਾਂਤਰਤਾ ਨੂੰ ਪਛਾਨਣਾ ਜ਼ਰੂਰੀ ਹੈ ਤੇ ਇਸ ਪਛਾਣ ਨਾਲ ਹੀ ਅਸੀਂ 'ਅੱਖਰਾਂ ਦੀ ਲੋਅ' ਦੀਆਂ, ਕਾਵਿ-ਪਰਤਾਂ ਤੱਕ ਸਹਿਜੇ ਪਹੁੰਚ ਸਕਦੇ ਹਾਂ। ਸਹਿਰਾਅ 'ਅੱਖਰਾਂ ਦੀ ਲੋਅ' ਦੀ ਇਸ ਸਮਾਨਾਂਤਰਤਾ ਨੂੰ ਜਦੋਂ ਪਰਿਭਾਸ਼ਤ ਵੀ ਕਰਦਾ ਹੈ ਤਾਂ ਉਹ ਸਤਰਾਂ ਧਿਆਨ ਵਿਚ ਰਹਿਣੀਆਂ ਚਾਹੀਦੀਆਂ ਹਨ:

ਅੱਖਰਾਂ ਦੀ ਲੋਅ ਅਮੁੱਲੀ

ਸ਼ਾਇਰਾਂ ਦੇ ਸ਼ਾਇਰ ਨਾਨਕ ਦਿੱਤੀ

ਸਹਿਜ ਅਤੇ ਸੰਜਮ ਦੀ ਗੁੜਤੀ

ਦਿੱਤੀ ਸਾਨੂੰ ਫ਼ਰੀਦ ਦਿਆਂ ਅੱਖਰਾਂ

ਤਰਕ ਦੀ ਤਿੱਖੀ ਸਾਣ ਤੇ ਨਿੱਖਰੇ

ਭਗਤ ਕਬੀਰ ਨੇ ਬਖ਼ਸ਼ੇ ਅੱਖਰ

ਰੋਹ ਦੀ ਅੱਗ ਵਿਚ ਭਰੇ ਭਰਾਏ

ਜ਼ਫ਼ਰਨਾਮੇ ਵਿਚ ਬਲਦੇ ਅੱਖਰ

ਮੋਹ ਮੁਹੱਬਤ ਵਿਚ ਗੜੁੱਚੇ

ਵਾਰਿਸ ਅਤੇ ਸ਼ਿਵ ਦੇ ਅੱਖਰ

ਨਾ ਅੰਬਰ ਨਾ ਧਰਤੀ ਪਾਉਂਦੀ

ਬਾਤ ਬੁੱਲੇ ਜਹੇ ਫੱਕਰਾਂ ਦੀ

ਜੇ ਸਾਡੇ ਕੋਲ ਨਾ ਹੁੰਦੀ

ਲੋਅ ਅੱਖਰਾਂ ਦੀ...

ਉਸਦੀ ਕਾਵਿ–ਸਮਾਨਤਾਂਤਰਤਾ ਵਿਚ ਇਹ ਚੇਤਨਾ ਰਮੀ ਹੋਈ ਹੈ। ਮੈਨੂੰ ਉਮੀਦ ਹੈ ਭਵਿੱਖ ਵਿਚ ਇਹ ਚੇਤਨਾ ਉਸਦੀ ਕਵਿਤਾ ਵਿਚ ਹੋਰ ਡੂੰਘੀ ਹੁੰਦੀ ਜਾਏਗੀ।

******